ਚਿੜੀਆਂ ਦੀ ਚੀਂ ਚੀਂ ਵੀ ਅੱਜ-ਕੱਲ ਘੱਟ ਹੀ ਸੁਣਾਈ ਦੇਂਦੀ ਹੈ।ਪੂਰੇ ਵਿਸ਼ਵ ਵਿੱਚ ਚਿੜੀਆਂ ਦੀਆਂ ਕੁੱਲ 43 ਪ੍ਰਜਾਤੀਆਂ ਮੰਨੀਆਂ ਗਈਆਂ ਹਨ।ਭਾਰਤ ਵਿੱਚ 5-6 ਪ੍ਰਜਾਤੀਆਂ ਹੀ ਪਾਈਆਂ ਜਾਂਦੀਆਂ ਹਨ।ਇਹਨਾਂ ਵਿੱਚ ਨਰ ਚਿੜ੍ਹਾ ਤੇ ਮਾਦਾ ਚਿੜੀ ਹੁੰਦੀ ਹੈ। ਇਸ ਦਾ ਭਾਰ 30 ਤੋਂ40 ਗ੍ਰਾਮ ਹੁੰਦਾ ਹੈ। ਇਸ ਦੀ ਲੰਬਾਈ 12 ਤੋਂ 16 ਸੈਂਟੀਮੀਟਰ ਹੁੰਦੀ ਹੈ।ਚਿੜਾ ਹਲਕਾ ਭੂਰਾ, ਉੱਪਰ ਤੋਂ ਤਿੱਤਰਾ ਮਿੱਤਰਾ, ਅੱਖਾਂ ਦੇ ਘੇਰੇ ਤੇ ਥੋੜ੍ਹੀ ਜਿਹੀ ਗਰਦਨ ਕਾਲੀ, ਨੀਚੇ ਪੇਟ ਤੋਂ ਹਲਕਾ ਜਿਹਾ ਚਿੱਟਾ (ਹਲਕਾ ਭੂਰਾ) ਹੁੰਦਾ ਹੈ ਤੇ ਚਿੜੀ ਮਟਮੈਲੀ ਘਸਮੈਲੀ ਹਲਕੇ ਭੂਰੇ ਰੰਗ ਦੀ ਹੁੰਦੀ ਹੈ। ਇਹ ਟਿਕ ਕੇ ਇੱਕ ਥਾਂ ਨਹੀ ਬੈਠ ਸਕਦੀਆਂ, ਸਗੋਂ ਨੱਚਦੀਆਂ, ਟੱਪਦੀਆਂ, ਫੁਦਕੀਆਂ, ਬੁੜਕਦੀਆਂ ਰਹਿੰਦੀਆਂ ਹਨ। ਇਹ ਖਾਣ ਲਈ 4 ਜਾਂ 5 ਕਿਲੋਮੀਟਰ ਤੱਕ ਦਾ ਸਫਰ ਤੈਅ ਕਰ ਲੈਂਦੀਆਂ ਹਨ। ਇਹਨਾਂ ਦੀ ਉਮਰ ਕੋਈ ਚਾਰ ਜਾਂ ਪੰਜ ਸਾਲ ਤੱਕ ਦੀ ਹੀ ਹੁੰਦੀ ਹੈ। ਇਹ ਚਿੜੀਆਂ ਕੋਈ 38 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਉੱਡ ਸਕਦੀਆਂ ਹਨ, ਲੇਕਿਨ ਖਤਰੇ ਸਮੇਂ ਇਹ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਵੀ ਉੱਡ ਸਕਦੀਆਂ ਹਨ।20 ਮਾਰਚ ਦਾ ਦਿਨ ਪੂਰੇ ਵਿਸ਼ਵ ਵਿੱਚ 'ਵਿਸ਼ਵ ਚਿੜੀ ਦਿਵਸ' 'ਵਰਲਡ ਸਪੈਰੋ ਡੇ' ਵਜੋਂ ਮਨਾਉਣਾ ਸ਼ੁਰੂ ਕੀਤਾ ਗਿਆ ਹੈ।ਇਹ ਦਿਨ ਮਨਾਉਣ ਦਾ ਮਕਸਦ ਇਹ ਹੈ ਕਿ ਇਹਨਾਂ ਨੰਨੇ-ਮੁੰਨੇ, ਪਿਆਰੇ ਜਿਹੇ ਭੋਲੇ-ਭਾਲੇ ਪੰਛੀਆਂ ਬਾਰੇ ਸਾਨੂੰ ਜਾਣਕਾਰੀ ਹੋਣਾ ਤੇ ਇਹਨਾਂ ਦੀ ਸਾਂਭ-ਸੰਭਾਲ ਲਈ ਯਤਨ ਕਰਨਾ ਕਿਉਂਕਿ ਇਹਨਾਂ ਦੀ ਸਾਂਭ-ਸੰਭਾਲ ਲਈ ਬਹੁਤ ਯਤਨਾਂ ਦੀ ਲੋੜ ਹੈ।ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਜੇ ਇਹ ਪੰਛੀ ਇਸ ਧਰਤੀ ਤੋਂ ਅਲੋਪ ਹੋ ਗਏ, ਖਤਮ ਹੋ ਗਏ ਤਾਂ ਅਸੀਂ ਵੀ ਜ਼ਿਆਦਾ ਦੇਰ ਇਸ ਧਰਤੀ ਤੇ ਜ਼ਿੰਦਾ ਨਹੀ ਰਹਿ ਸਕਦੇ। ਸਾਡਾ ਵੀ ਖਾਤਮਾ ਨਿਸਚਿਤ ਹੈ।ਸੋ ਲੋੜ ਹੈ ਕਿ ਅਸੀਂ ਇਹਨਾਂ ਪੰਛੀਆਂ ਦੀ ਦੇਖ-ਰੇਖ ਦਾ ਜ਼ਿੰਮਾ ਇੱਕ ਜ਼ਿੰਮੇਵਾਰ ਨਾਗਰਿਕ ਬਣ ਕੇ ਨਿਭਾਈਏ।

ਚਿੜੀਆਂ ਦੇ ਆਲ੍ਹਣੇ ਤੇ ਖੁਰਾਕ-

ਚਿੜੀਆਂ ਆਪਣੇ ਆਲ੍ਹਣੇ ਕੰਡੇਦਾਰ ਦਰੱਖਤਾਂ, ਝਾੜੀਆਂ-ਬੂਟੀਆਂ, ਛੱਤਾਂ ਦੀਆਂ ਛਤੀਰੀਆਂ-ਬਾਲਿਆਂ ਤੇ ਕੰਧਾਂ ਦੀਆਂ ਮੋਰੀਆਂ ਵਿੱਚ ਬਣਾਉਣਾ ਪਸੰਦ ਕਰਦੀਆਂ ਹਨ, ਕਿਉਂਕਿ ਇਹਨਾਂ ਦੇ ਆਲ੍ਹਣਿਆ ਅਤੇ ਬੱਚਿਆਂ (ਬੋਟਾਂ) ਤੇ ਸ਼ਿਕਾਰੀ (ਹਮਲਾਵਰ) ਪੰਛੀ ਹਮਲਾ ਕਰਦੇ ਰਹਿੰਦੇ ਹਨ।ਇਸ ਲਈ ਇਹ ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਐਸੀਆਂ ਜਗਾਵਾਂ ਚੁਣਦੀਆਂ ਹਨ।ਜਿਸ ਕਰਕੇ ਸ਼ਿਕਾਰੀ ਪੰਛੀ ਹਮਲਾ ਨਾ ਕਰ ਸਕਣ। ਕਾਂ, ਸੱਪ, ਬਿੱਲੀ ਆਦਿ ਤੋਂ ਇਹਨਾਂ ਦੇ ਬੱਚਿਆਂ ਨੂੰ ਬਹੁਤ ਖਤਰਾ ਰਹਿੰਦਾ ਹੈ।ਇਹ ਆਪਣੇ ਆਲ੍ਹਣੇ ਬਣਾਉਣ ਲਈ ਘਾਹ-ਫੂਸ, ਪਰਾਲੀ, ਧਾਗੇ, ਰੂੰ ਤੇ ਹੋਰ ਐਸੀਆਂ ਨਰਮ ਚੀਜਾਂ ਵਰਤਦੇ ਹਨ।ਆਲ੍ਹਣਾ ਚਿੜੀ ਨਹੀ ਬਣਾਉਂਦੀ, ਚਿੜਾ ਬਣਾਉਂਦਾ ਹੈ।ਆਲ੍ਹਣਾ ਬਣਾਉਣ ਸਮੇਂ ਨਰ ਮਾਦਾ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਜਦ ਕੋਈ ਚਿੜੀ ਆਕਰਸ਼ਿਤ ਹੋ ਜਾਂਦੀ ਹੈ ਤਾਂ ਉਸ ਚਿੜੀ ਨਾਲ ਜੋੜੀ ਬਣਾ ਕੇ ਦੋਵੇਂ ਉਸ ਵਿੱਚ ਰਹਿੰਦੇ ਹਨ।ਇਹ ਛੋਟਾ ਜਿਹਾ ਪੰਛੀ ਚੌਲਾਂ ਦੀਆਂ ਕਣੀਆਂ, ਰੋਟੀ ਦੇ ਛੋਟੇ-ਛੋਟੇ ਟੁਕੜੇ, ਫਸਲਾਂ ਨੂੰ ਨੁਕਸਾਨ ਪਹੁਚਾਉਣ ਵਾਲੇ ਕੀੜੇ- ਮਕੌੜੇ, ਦਾਣੇ, ਬੀਜ਼, ਨਰਮ-ਨਰਮ ਸੁੰਡੀਆਂ, ਜਾਮਣ ਤੇ ਹੋਰ ਨਿੱਕ-ਸੁੱਕ ਖਾ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ।

ਪ੍ਰਜਣਨ ਕ੍ਰਿਆ-

ਆਲ੍ਹਣਾ ਬਣਾ ਕੇ ਜਦ ਨਰ ਅਤੇ ਮਾਦਾ ਇੱਕਠਾ ਰਹਿਣਾ ਸ਼ੁਰੂ ਕਰ ਦਿੰਦੇ ਹਨ ਤੇ ਦੋਨਾਂ ਦੇ ਮਿਲਾਪ ਨਾਲ ਚਿੜੀ ਆਂਡੇ ਦਿੰਦੀ ਹੈ। ਚਿੜੀ ਇੱਕ ਵਾਰ ਵਿੱਚ 4-5 ਆਂਡੇ ਦਿੰਦੀ ਹੈ। ਦੋਵੇਂ ਨਰ ਅਤੇ ਮਾਦਾ ਰਲ ਕੇ ਉਹਨਾਂ ਆਂਡਿਆਂ ਦਾ ਖਿਆਲ ਰੱਖਦੇ ਹਨ।ਉਸ ਤੋਂ ਅਗਲੀ ਪ੍ਰਕ੍ਰਿਆ ਚਿੜੀ ਲਗਾਤਾਰ ਆਂਡਿਆਂ ਉੱਪਰ ਬੈਠ ਕੇ ਪੂਰੀ ਕਰਦੀ ਹੈ।ਇੰਨ੍ਹਾਂ ਆਂਡਿਆਂ ਵਿੱਚੋਂ 14 ਤੋਂ 16 ਦਿਨਾਂ ਦੇ ਅੰਦਰ ਬੱਚੇ (ਬੋਟ) ਨਿਕਲ ਆਉਂਦੇ ਹਨ।ਜਦ ਲਗਾਤਾਰ ਚਿੜੀ ਦੇ ਆਪਣੇ ਆਂਡਿਆਂ ਉੱਪਰ ਬੈਠਣ ਨਾਲ ਆਂਡਿਆਂ ਵਿੱਚੋਂ ਬੱਚੇ ਨਿਕਲ ਆਉਂਦੇ ਹਨ ਤਾਂ ਉਸ ਤੋਂ ਲਗਭਗ ਕੋਈ 14 ਤੋਂ 15 ਦਿਨਾਂ ਤੱਕ ਆਪਣੇ ਬੱਚੇ (ਬੋਟ) ਚਿੜੀ ਆਲ੍ਹਣੇ ਵਿੱਚ ਹੀ ਪਾਲਦੀ ਹੈ। ਫਿਰ ਥੋੜ੍ਹੇ-ਥੋੜ੍ਹੇ ਖੰਭ ਨਿਕਲਣ ਤੇ ਚਿੜ੍ਹੀ ਵੱਲੋਂ ਉਹਨਾਂ ਬੱਚਿਆਂ ਨੂੰ ਉੱਡਣਾ ਸਿਖਾਇਆ ਜਾਂਦਾ ਹੈ। ਉਹ ਬੱਚੇ (ਬੋਟ) ਚਿੜੀ ਦੇ ਪਿੱਛੇ-ਪਿੱਛੇ ਉੱਡਦੇ ਹਨ। ਉਹ ਬੱਚੇ ਮੂੰਹ ਅੱਡ ਕੇ ਇਹਨਾਂ ਦੇ ਪਿੱਛੇ-ਪਿੱਛੇ ਲੱਗੇ ਰਹਿੰਦੇ ਤੇ ਇਹ ਉਹਨਾਂ ਦੇ ਮੂੰਹ ਵਿੱਚ ਨਰਮ ਭੋਜਨ ਪਾਉਂਦੇ ਦੇਖੇ ਜਾਂਦੇ ਹਨ।ਸ਼ਿਕਾਰੀ ਪੰਛੀ, ਹਮਲਾਵਰ ਪੰਛੀ ਉਸ ਵਕਤ ਉਹਨਾਂ ਬੱਚਿਆਂ ਤੇ ਹਮਲਾ ਕਰਦੇ ਰਹਿੰਦੇ ਹਨ ਤੇ ਚਿੜੀ ਦੇ ਛੋਟੇ ਜਿਹੇ ਬੱਚੇ ਕਾਬੂ ਆਉਣ ਤੇ ਖਾ ਜਾਂਦੇ ਹਨ। ਹੌਲੀ-ਹੌਲੀ ਨਰ ਤੇ ਮਾਦਾ ਦੋਵੇਂ ਬਚਾਅ ਕਰਕੇ ਉਹਨਾਂ ਬੱਚਿਆਂ ਨੂੰ ਜ਼ਿੰਦਗੀ ਦੇ ਦਾਅ ਪੇਚ ਸਿਖਾਉਂਦੇ ਰਹਿੰਦੇ ਹਨ ਕਿ ਕਿਵੇਂ ਸ਼ਿਕਾਰੀ ਪੰਛੀਆਂ ਤੋਂ ਬਚਾਅ ਕਰਨਾ ਹੈ। ਜਲਦੀ ਹੀ ਉਹ ਬੱਚੇ ਵੱਡੇ ਹੋ ਜਾਂਦੇ ਹਨ।ਖੁਦ ਆਪਣੇ ਚੋਗੇ ਦਾ ਇੰਤਜ਼ਾਮ ਕਰਦੇ ਹਨ।ਕਿਧਰੇ ਹੋਰ ਉੱਡ ਜਾਂਦੇ ਹਨ, ਪਰ ਉਹ ਚਿੜਾ ਚਿੜੀ ਉੱਥੇ ਹੀ ਉਸੇ ਆਲ੍ਹਣੇ ਵਿੱਚ ਰਹਿੰਦੇ ਹਨ ਤੇ ਫਿਰ ਅਗਲੇ ਸਾਲ ਮਾਰਚ ਤੋਂ ਅਗਸਤ ਮਹੀਨੇ ਤੱਕ ਆਂਡੇ ਦਿੰਦੇ ਹਨ।ਫਿਰ ਉਹੀ ਪ੍ਰੋਸੈਸ ਚੱਲਦਾ ਹੈ।

ਗੁਰਬਾਣੀ ਵਿੱਚ ਚਿੜ੍ਹੀ ਦਾ ਜ਼ਿਕਰ-

ਇਹ ਇੱਕ ਛੋਟੇ ਜਿਹੇ ਅਨਭੋਲ, ਮਿੱਤਰ ਪੰਛੀ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਵਿੱਚ ਵੀ ਕੀਤਾ ਹੈ।

ਮ:1

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1286)

ਭਾਵ ਕਿ ਅੱਧਾ ਦਾਣਾ ਚਿੜੀਆਂ ਦਾ ਚੋਗਾ ਹੈ ਅਤੇ ਇਹ ਅਸਮਾਨ ਚੜ੍ਹ ਕੇ ਚਹਿਕਦੀ ਹੈ। ਉਹ ਭਲੀ ਚਿੜੀ ਜੋ ਰੱਬ ਦਾ ਨਾਮ ਉਚਾਰਨ ਕਰਦੀ ਹੈ, ਸੁਆਮੀ ਨੂੰ ਭਾਉਂਦੀ ਹੈ। ਪੰਜਵੀਂ ਜੋਤਿ ਸ਼੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਵੀ ਇਸ ਛੋਟੇ ਜਿਹੇ ਮਿੱਤਰ ਪੰਛੀ ਦਾ ਇਉਂ ਜ਼ਿਕਰ ਕਰਦੇ ਹਨ।

ਸਲੋਕ ਮ:5

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 319)

ਭਾਵ ਕਿ ਚਿੜੀ ਦੇ ਚਹਿਚਹਾਉਣ ਤੇ ਪਹੁ ਫੁਟਣ ਤੇ ਪ੍ਰਾਣੀ ਦੇ ਅੰਦਰ ਬੜੀਆਂ ਲਹਿਰਾਂ ਚੱਲ ਪੈਂਦੀਆਂ ਹਨ। ਰੱਬ ਦੇ ਨਾਮ ਦੀ ਪ੍ਰੀਤ ਅੰਦਰ ਸਾਧੂ ਇੱਕ ਅਸਚਰਜ ਦ੍ਰਿਸ਼ ਸਾਜ ਲੈਂਦੇ ਹਨ।

ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿੱਚ ਤ੍ਰਿੰਞਣਾਂ ਵਿੱਚ ਕੱਤਦੀਆਂ ਕੁੜੀਆਂ ਨੂੰ ਚਿੜ੍ਹੀਆਂ ਨਾਲ ਤਸ਼ਬੀਹ ਦੇਂਦੇ ਲਿੱਖਦੇ ਹਨ ਕਿ:

ਦੁਹੁ ਚਰਮਖ ਵਿਚਿ ਤੁਕੁਲਾ ਕਤਨਿ ਕੁੜੀਆਂ ਚਿੜੀਆਂ ਹੇਰੂ।
ਤ੍ਰਿੰਞਣਿ ਬਹਿ ਉਠ ਜਾਂਦੀਆਂ ਜਿਉ ਬਿਰਖਹੁ ਉਡਿ ਜਾਨਿ ਪੰਖੇਰੂ।

(ਭਾਈ ਗੁਰਦਾਸ ਜੀ , ਵਾਰ 33ਵੀਂ, ਪਉੜੀ 5ਵੀਂ)

ਦੋ ਚਮੜੀਆਂ ਵਿੱਚ ਤ੍ਰਕਲਾ ਹੁੰਦਾ ਹੈ ਕੁੜੀਆਂ ਚਿੜੀਆਂ ਦਾ ('ਹੇਰੂ') ਚਰਖਾ ਕੱਤਿਆ ਜਾਂਦਾ ਹੈ( ਜਾਂ ਹੇਰੂ ਤੱਕਲਾ ਹਿੱਲਦਾ ਚੱਕਰ ਖਾਂਦਾ ਹੈ) ਤ੍ਰਿੰਞਣ ਵਿੱਚ ਬਹਿ ਕੇ (ਆਪੋ ਆਪਣੀਆਂ ਪੂਣੀਆਂ ਪੂਰੀਆਂ ਕਰਕੇ ਇਉਂ ਕੁੜੀਆਂ ਘਰਾਂ ਨੂੰ) ਉਠ ਜਾਂਦੀਆਂ ਹਨ ਜਿਵੇਂ ਬ੍ਰਿਛ ਤੋਂ ਪੰਛੀ ਉੱਡ ਜਾਂਦੇ ਹਨ।(ਇਥੇ ਕੁੜੀਆਂ ਨੂੰ ਚਿੜੀਆਂ ਦੀ ਉਪਮਾਂ ਦੇਣ ਦਾ ਭਾਵ ਇਹ ਹੈ ਕਿ ਮਾਨੋ ਉੱਡਣ ਵਾਲੀਆਂ ਚਿੜੀਆਂ ਬ੍ਰਿਛਾਂ ਦੇ ਛਾਵੇਂ ਕੱਠੀਆਂ ਹੋਈਆਂ ਹਨ)।

ਰੋਜ਼ਾਨਾ ਅੰਮ੍ਰਿਤ ਵੇਲਾ ਹੋਣ ਦੇ ਨਾਲ ਹੀ ਇਹ ਪੰਛੀ ਇਨਸਾਨ ਨੂੰ ਵੀ ਉਸ ਮਾਲਕ ਨੂੰ ਯਾਦ ਕਰਨ ਦੀ ਯਾਦ ਦਿਵਾਉਂਦਾ ਹੈ ਕਿ 'ਹੇ ! ਇਨਸਾਨ ਉੱਠ ਅੰਮ੍ਰਿਤ ਵੇਲਾ ਹੋ ਗਿਆ ਹੈ।ਉਸ ਮਾਲਕ ਦੀ ਬੰਦਗੀ ਕਰ।' ਅੰਮ੍ਰਿਤ ਵੇਲੇ ਗੁਰਦੁਆਰਾ ਸਾਹਬ ਤੋਂ ਇਹ ਅਵਾਜ਼ਾਂ ਆਉਂਦੀਆਂ ਹਨ ਕਿ ' ਚਿੜੀਆਂ ਚੂਕ ਪਈਆਂ, ਬੰਦਿਆ ਤੈਨੂੰ ਜਾਗ ਨਾ ਆਈ।' ਇਹ ਚਿੜੀਆਂ ਇਨਸਾਨ ਨੂੰ ਚੂਕ-ਚੂਕ ਕੇ ਅੰਮ੍ਰਿਤ ਵੇਲਾ ਹੋਣ ਦਾ ਸੁਨੇਹਾ ਦਿੰਦੀਆਂ ਹਨ।

ਇਹਨਾਂ ਲਈ ਬਦਲਿਆ ਸਮਾਂ-

ਇਹ ਪੰਛੀ ਇਨਸਾਨ ਦੇ ਨਾਲ ਉਸਦੇ ਵੱਸਦੇ ਘਰ ਵਿੱਚ ਰਹਿ ਕੇ ਖੁਸ਼ ਹੁੰਦਾ ਹੈ। ਇਹ ਪੰਛੀ ਬੱਚਿਆਂ ਨੂੰ ਕੋਈ ਨੁਕਸਾਨ ਵੀ ਨਹੀ ਪਹੁੰਚਾਉਂਦਾ, ਸਗੋਂ ਬੱਚਿਆਂ ਦੇ ਨੇੜੇ ਰਹਿ ਕੇ ਖੁਸ਼ ਹੁੰਦਾ ਹੈ।ਉਹਨਾਂ ਵੱਲੋਂ ਧਰਤੀ ਤੇ ਡਿੱਗਿਆ ਭੋਜਨ ਖਾਂਦਾ ਹੈ। ਹੁਣ ਸਮਾਂ ਬਹੁਤ ਬਦਲ ਗਿਆ ਹੈ। ਪਿੰਡਾਂ ਵਿੱਚ ਵੀ ਕੋਠੀਆਂ ਉੱਸਰ ਗਈਆਂ ਹਨ। ਕੱਚੇ ਘਰ ਤਾਂ ਕਿਧਰੇ ਵੇਖਣ ਨੂੰ ਬਹੁਤ ਘੱਟ ਮਿਲਦੇ ਹਨ। ਪੁਰਾਣੇ ਸਮਿਆਂ ਵਿੱਚ ਇਹ ਚਿੜੀਆਂ ਘਰਾਂ ਦੀਆਂ ਛੱਤਾਂ, ਬਾਲਿਆਂ, ਛਤੀਰੀਆਂ, ਰੌਸ਼ਨਦਾਨਾਂ ਅਤੇ ਖੇਤਾਂ ਵਿੱਚ ਛੋਟੇ ਦਰੱਖਤਾਂ, ਮੋਟਰ ਵਾਲੇ ਕਮਰਿਆਂ ਵਿੱਚ, ਖੂਹਾਂ ਵਿੱਚ, ਝਾੜੀਨੁਮਾ ਦਰੱਖਤਾਂ, ਨਹਿਰਾਂ, ਸੂਏ ਦੇ ਕੰਢਿਆਂ ਤੇ ਉੱਗੀਆਂ ਝਾੜੀਆਂ ਵਿੱਚ ਆਪਣੇ ਆਲਣ੍ਹੇ ਬਣਾ ਕੇ ਰਹਿੰਦੀਆਂ ਸਨ। ਪਰ ਹੁਣ ਜ਼ਿਆਦਾਤਰ ਕੱਚੇ ਘਰਾਂ ਦੀ ਥਾਂ ਪੱਕੇ ਘਰ ਤੇ ਮਹਿਲਨੁਮਾਂ ਕੋਠੀਆਂ ਨੇ ਲੈ ਲਈ ਹੈ। ਕਮਰਿਆਂ ਦੇ ਅੰਦਰ ਚਿੜੀ ਤਾਂ ਕੀ ਮੱਛਰ ਦਾ ਵੀ ਜਾਲੀਆਂ ਵਾਲੇ ਦਰਵਾਜ਼ਿਆਂ ਕਰਕੇ ਅੰਦਰ ਜਾਣਾ ਮੁਸ਼ਕਿਲ ਹੀ ਨਹੀ ਨਾ-ਮੁਮਕਿਨ ਹੈ।ਇਸ ਮਿੱਤਰ ਪੰਛੀ ਨੂੰ ਅਸੀਂ ਆਪਣੇ ਆਪ ਤੋਂ ਦੂਰ ਕਰਦੇ ਚਲੇ ਗਏ।ਅਜੇ ਵੀ ਵੇਲਾ ਹੈ ਕਿ ਅਸੀਂ ਸੰਭਲ ਜਾਈਏ ਤੇ ਇਸ ਪੰਛੀ ਨੂੰ ਮੋੜ ਕੇ ਆਪਣੇ ਘਰ ਦਾ ਸ਼ਿੰਗਾਰ ਬਣਾਈਏ। ਇਸ ਨਾਲ ਹੱਸੀਏ ਖੇਡੀਏ ਤੇ 'ਇੱਕ ਸੀ ਚਿੜੀ ਤੇ ਇੱਕ ਸੀ ਚਿੜਾ' ਇਹ ਬਾਤਾਂ ਆਪਣੇ ਬੱਚਿਆਂ ਨੂੰ ਸੁਣਾਈਏ।

ਰੁੱਖਾਂ ਦੀ ਘਾਟ-

ਇਹਨਾਂ ਪੰਛੀਆਂ ਨਾਲ ਅਸੀਂ ਬਹੁਤ ਧੱਕਾ ਕਰਦੇ ਆਏ ਹਾਂ। ਅਸੀਂ ਧਰਤੀ ਤੋਂ ਰੁੱਖਾਂ ਦਾ ਸਫਾਇਆਂ ਕਰਦੇ ਚਲੇ ਗਏ। ਉਸ ਦੀ ਜਗ੍ਹਾ ਨਵੇਂ ਦਰੱਖਤ ਲਾਉਣਾ ਭੁੱਲ ਗਏ, ਜਿਸ ਨਾਲ ਧਰਤੀ ਤੇ ਰੁੱਖਾਂ ਦੀ ਬਹੁਤ ਘਾਟ ਹੋ ਗਈ। ਵਿਕਾਸ ਦੇ ਨਾਂਅ ਤੇ ਦਰੱਖਤਾਂ ਦੀ ਹੁੰਦੀ ਧੜਾਧੜ ਕਟਾਈ ਕਰਕੇ ਪੰਜਾਬ ਅੰਦਰ ਜੰਗਲਾਂ ਹੇਠ ਰਕਬਾ 5 ਫੀਸਦੀ ਤੋਂ ਵੀ ਘੱਟ ਰਹਿ ਗਿਆ ਹੈ ਜੋ ਕਿ ਇੱਕਲੇ ਪੰਜਾਬ ਅੰਦਰ ਜੰਗਲਾਂ ਹੇਠ ਰਕਬਾ 33 ਫੀਸਦੀ ਹੋਣਾ ਚਾਹੀਦਾ ਹੈ, ਪਰ ਰਾਸ਼ਟਰੀ ਪੱਧਰ ਤੇ 40 ਫੀਸਦੀ ਰਕਬਾ ਜੰਗਲਾਂ ਹੇਠ ਹੋਣਾ ਐਲਾਨਿਆ ਗਿਆ ਹੈ। ਕਈ ਸੰਸਥਾਵਾਂ, ਸੰਤ-ਮਹਾਂਪੁਰਸ਼ ਇਸ ਪਾਸੇ ਕਾਫੀ ਮਿਹਨਤ ਕਰ ਰਹੇ ਹਨ ਜੋ ਕਿ ਸਭ ਲਈ ਚੰਗਾ ਵਕਤ ਆਉਣ ਦੀ ਦਸਤਕ ਦੇ ਰਿਹਾ ਹੈ।ਰੁੱਖਾਂ ਦਾ ਘੱਟਣਾ ਕੰਕਰੀਟ ਦੇ ਜੰਗਲਾਂ ਦਾ ਵੱਧਣਾ ਖਤਰਨਾਕ ਰੁਝਾਨ ਹੈ। ਪਿਛਲੇ ਸਾਲਾਂ ਦੌਰਾਨ ਸੂਬੇ ਵਿੱਚ ਵਿਕਾਸ ਦੇ ਨਾਂਅ ਤੇ 6 ਜਿਲ੍ਹਿਆਂ 'ਚ ਸਰਕਾਰੀ ਰਿਕਾਰਡ ਮੁਤਾਬਿਕ 91,658 ਦਰੱਖਤ ਕੱਟੇ ਗਏ। ਫਿਰੋਜ਼ਪੁਰ ਜਿਲ੍ਹੇ 'ਚ 37,625 ਦਰੱਖਤ ਕੱਟੇ ਗਏ। ਮਾਨਸਾ ਜਿਲ੍ਹੇ 'ਚ 21,261 ਦਰੱਖਤ ਕੱਟੇ ਗਏ।ਸ੍ਰੀ ਮੁਕਤਸਰ ਸਾਹਿਬ ਵਿੱਚ 3405 ਦਰੱਖਤ ਕੱਟੇ। ਪਠਾਨਕੋਟ ਵਿੱਚ 8541, ਇਸੇ ਤਰ੍ਹਾਂ ਗੜ੍ਹਸ਼ੰਕਰ ਵਿੱਚ ਵੀ ਦਰੱਖਤਾਂ ਦੀ ਬਲੀ ਦਿੱਤੀ ਗਈ। ਬੀ.ਆਰ.ਟੀ.ਐੱਸ ਪ੍ਰਾਜੈਕਟ ਕਾਰਨ ਇੱਕਲੇ ਅੰਮ੍ਰਿਤਸਰ ਜਿਲ੍ਹੇ ਵਿੱਚ 20 ਹਜ਼ਾਰ ਰੁੱਖ ਕੱਟੇ ਗਏ। ਪੂਰੇ ਸੂਬੇ ਵਿੱਚ ਕੱਟੇ ਗਏ ਦਰੱਖਤਾਂ ਦੀ ਗਿਣਤੀ ਲੱਖਾਂ ਤੱਕ ਪਹੁੰਚਦੀ ਹੈ, ਜੇ ਫਰਜ਼ ਕਰੋ ਇਹਨਾਂ ਦੀ ਜਗ੍ਹਾ ਨਵੇਂ ਦਰੱਖਤ ਲਾਏ ਵੀ ਗਏ ਹੋਣਗੇ ਤਾਂ ਉਹ ਕਦੋਂ ਜਾ ਕੇ ਵੱਡੇ ਦਰੱਖਤ ਦਾ ਰੂਪ ਧਾਰਨ ਕਰਨਗੇ। ਕੋਈ ਉਸਦੀ ਸਾਂਭ ਸੰਭਾਲ ਕਰੇਗਾ ਜਾਂ ਨਹੀ, ਉਹ ਵੱਡੇ ਹੋਣਗੇ ਜਾਂ ਨਹੀ, ਇਹ ਤਾਂ ਭਵਿੱਖ ਦੀ ਬੁੱਕਲ ਵਿੱਚ ਲੁਕਿਆ ਹੋਇਆ ਹੈ। ਜੇ ਗੱਲ ਕਰੀਏ ਇੱਕਲੇ ਪੰਜਾਬ ਦੀ ਤਾਂ ਪਿਛਲੇ 9 ਸਾਲਾਂ ਦੌਰਾਨ ਪੂਰੇ ਪੰਜਾਬ ਵਿੱਚੋਂ ਵਿਕਾਸ ਦੇ ਨਾਂਅ ਤੇ 9 ਲੱਖ ਤੋਂ ਵੀ ਕਿਤੇ ਜ਼ਿਆਦਾ ਰੁੱਖ ਕੱਟੇ ਗਏ ਹਨ। ਇੰਨ੍ਹੀ ਭਾਰੀ ਤਦਾਦ ਵਿੱਚ ਰੁੱਖਾਂ ਦੇ ਕੱਟੇ ਜਾਣਾ ਇਨਸਾਨਾਂ ਦੇ ਨਾਲ-ਨਾਲ ਪੰਛੀਆਂ ਨਾਲ ਵੀ ਬੇਇਨਸਾਫੀ ਹੈ। ਇਸ ਨਾਲ ਕਿੰਨੇ ਪੰਛੀਆਂ ਦੇ ਆਲ੍ਹਣੇ ਖਤਮ ਹੋਏ ਹੋਣਗੇ।ਇਹ ਸੋਚਣ ਦੀ ਲੋੜ ਹੈ।

ਜ਼ਹਿਰੀਲੀਆਂ ਦਵਾਈਆਂ-

ਜ਼ਹਿਰੀਲੀਆਂ ਦਵਾਈਆਂ ਵੀ ਪੰਛੀਆਂ ਦੇ ਘੱਟਣ ਦਾ ਕਾਰਨ ਹੈ। ਜਿਹੜੀਆਂ ਸਪਰੇਆਂ, ਕੀਟ ਨਾਸ਼ਕ ਦਵਾਈਆਂ ਅਸੀਂ ਫਸਲਾਂ ਤੇ ਛਿੜਕਦੇ ਹਾਂ, ਉਸ ਨਾਲ ਕੀੜੇ-ਮਕੌੜੇ ਤਾਂ ਮਰ ਜਾਂਦੇ ਹਨ। ਲੇਕਿਨ ਉਹੀ ਕੀੜੇ-ਮਕੌੜੇ ਇਹ ਚਿੜ੍ਹੀਆਂ ਤੇ ਹੋਰ ਪੰਛੀ ਆਪ ਖੁਦ ਵੀ ਖਾਂਦੇ ਹਨ ਤੇ ਨਾਲ ਦੀ ਨਾਲ ਆਪਣੇ ਆਲ੍ਹਣੇ ਵਿੱਚ ਆਪਣੇ ਛੋਟੇ ਬੱਚਿਆਂ (ਬੋਟਾਂ) ਦੇ ਮੂੰਹ ਵਿੱਚ ਵੀ ਪਾਉਂਦੇ ਹਨ। ਇਸ ਨਾਲ ਦੋਨੋਂ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ। ਇਸ ਨਾਲ ਇਹਨਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਰਿਹਾ ਹੈ। ਇਹਨਾਂ ਕੀਟ ਨਾਸ਼ਕ ਸਪਰੇਆਂ ਨਾਲ ਅਸੀਂ ਪੰਛੀਆਂ ਦਾ ਖਾਤਮਾ ਤਾਂ ਕਰ ਹੀ ਰਹੇ ਹਾਂ। ਅਸੀਂ ਆਪਣੇ ਆਪ ਨੂੰ ਵੀ ਖਤਮ ਕਰਨ ਲੱਗੇ ਹੋਏ ਹਾਂ। ਇਸ ਪ੍ਰਤੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ।

ਜ਼ਹਿਰੀਲਾ ਪਾਣੀ-

ਇੰਨ੍ਹਾਂ ਪੰਛੀਆਂ ਲਈ ਪੀਣ ਵਾਲੇ ਪਾਣੀ ਦੀ ਵੀ ਬਹੁਤ ਘਾਟ ਹੈ ਤੇ ਜੋ ਪਾਣੀ ਹੈ ਉਹ ਵੀ ਇਹਨਾਂ ਦੇ ਪੀਣ ਲਾਇਕ ਨਹੀ ਹੈ। ਉਸ ਪਾਣੀ ਨੂੰ ਵੀ ਅਸੀਂ ਜ਼ਹਿਰੀਲਾ ਕਰ ਛੱਡਿਆ ਹੈ।ਘਾਟ ਇਹ ਹੈ ਕਿ ਪੁਰਾਣੇ ਸਮਿਆਂ ਵਿੱਚ ਹਰ ਪਿੰਡ ਵਿੱਚ ਖੂਹ, ਟੋਭੇ, ਨਾਲੇ, ਛੱਪੜ ਖੇਤਾਂ ਵਿੱਚ ਚੁਬੱਚੇ, ਕੱਚੇ ਖਾਲ, ਨਹਿਰਾਂ, ਸੂਏ ਤੇ ਹੋਰ ਵੀ ਕਈ ਸਰੋਤ ਹੁੰਦੇ ਸਨ। ਜੇ ਖੂਹ ਦੀ ਗੱਲ ਕਰੀਏ ਤਾਂ ਨਾਲੇ ਤਾਂ ਇਹ ਪੰਛੀ ਉਸ ਖੂਹ ਵਿੱਚ ਆਲ੍ਹਣੇ ਬਣਾ ਕੇ ਰਹਿੰਦੇ ਸਨ ਤੇ ਨਾਲ ਦੀ ਨਾਲ ਪਾਣੀ ਵੀ ਪੀ ਲੈਂਦੇ ਸਨ, ਸ਼ਿਕਾਰੀ ਪੰਛੀਆਂ ਦਾ ਖਤਰਾ ਵੀ ਘੱਟ ਰਹਿੰਦਾ ਸੀ। ਕੱਚੇ ਖਾਲਾਂ ਵਿੱਚ ਕਈ-ਕਈ ਦਿਨ ਪਾਣੀ ਟਿਕਿਆ ਰਹਿੰਦਾ ਸੀ। ਅੱਜ-ਕੱਲ ਨਹਿਰਾਂ, ਸੂਏ ਵੀ ਤਕਰੀਬਨ ਸੁੱਕੇ ਹੀ ਰਹਿੰਦੇ ਹਨ। ਪਿੰਡਾਂ ਵਿੱਚੋਂ ਖੂਹ, ਛੱਪੜ, ਟੋਭੇ, ਨਾਲੇ ਲਗਭਗ ਖਤਮ ਹੀ ਹੋ ਗਏ ਹਨ। ਖੇਤਾਂ ਵਿੱਚ ਚੁਬੱਚੇ, ਕੱਚੇ ਖਾਲ ਵੀ ਖਤਮ ਹੋ ਗਏ ਹਨ। ਸਬਮਰਸੀਬਲ ਪੰਪ (ਮੋਟਰਾਂ) ਲੱਗੀਆਂ ਹਨ ਜੋ ਜ਼ਮੀਨ ਵਿੱਚ ਹੀ ਚਲੀਆਂ ਜਾਂਦੀਆਂ ਹਨ। ਪਾਣੀ ਖੇਤਾਂ ਤੱਕ ਪਹੁੰਚਣ ਲਈ ਤਰਪਾਲ ਰੂਪੀ ਪਾਈਪਾਂ ਆ ਗਈਆਂ ਹਨ, ਜਿਸ ਨਾਲ ਕੱਚੇ ਖਾਲ ਵੀ ਖਤਮ ਹੋ ਗਏ ਹਨ। ਇਸ ਲਈ ਇਹ ਪੰਛੀ ਤ੍ਰਿਹਾਏ ਵੀ ਮਰ ਰਹੇ ਹਨ ਤੇ ਜਿਸ ਕਿਸੇ ਖੇਤ ਵਿੱਚ ਪਾਣੀ ਮਿਲ ਵੀ ਜਾਂਦਾ ਹੈ। ਉਸ ਵਿੱਚ ਅਸੀਂ ਖਾਦ ਵਾਲੇ ਤੋੜੇ, ਸਪਰੇਅ ਕਰਨ ਵਾਲੇ ਪੰਪ ਤੇ ਹੋਰ ਜ਼ਹਿਰੀਲੀਆਂ ਕੈਨੀਆਂ ਤੇ ਬੋਤਲਾਂ ਧੋ ਕੇ ਉਹ ਪਾਣੀ ਵੀ ਜ਼ਹਿਰੀਲਾ ਕਰ ਦਿੱਤਾ ਹੈ। ਜੇ ਕਿਧਰੇ ਇਹ ਭੋਲੇ ਪੰਛੀ ਇਹ ਪਾਣੀ ਪੀ ਲੈਂਦੇ ਹਨ ਤਾਂ ਉਹਨਾਂ ਦਾ ਖਾਤਮਾ ਨਿਸਚਿਤ ਹੈ। ਇਹ ਜ਼ਹਿਰੀਲਾ ਪਾਣੀ ਪੀ ਕੇ ਇਹ ਪੰਛੀ ਮਰ ਰਹੇ ਹਨ।ਪਾਣੀ ਵਿੱਚ ਘੁੱਲਦੀਆਂ ਬੇਇੰਤਹਾ ਜ਼ਹਿਰਾਂ ਜਿੰਨ੍ਹਾਂ ਨੂੰ ਪੀ ਕੇ ਪੰਛੀਆਂ ਵਿੱਚ ਪ੍ਰਜਣਨ ਕ੍ਰਿਆ ਦਾ ਖਤਮ ਹੋਣਾ ਹੈ।ਫੈਕਟਰੀਆਂ ਦਾ ਪ੍ਰਦੂਸ਼ਣ, ਗੱਡੀਆਂ ਦਾ ਧੂੰਆਂ, ਭੱਠਿਆਂ ਦਾ ਧੂੰਆਂ, ਆਤਿਸ਼ਬਾਜ਼ੀ ਦਾ ਧੂੰਆਂ, ਖੇਤਾਂ ਦੀ ਰਹਿੰਦ ਖਹੂੰਦ ਦਾ ਧੂੰਆਂ, ਪਰਾਲੀ ਦਾ ਧੂੰਆਂ ਤੇ ਹੋਰ ਕਈ ਤਰ੍ਹਾਂ ਦਾ ਧੂੰਆਂ ਜਿਸ ਨਾਲ ਆਲਮੀ ਤਪਸ਼ ਦਾ ਵੱਧਣਾ ਇਹਨਾਂ ਪੰਛੀਆਂ ਦੇ ਘੱਟਣ ਦਾ ਇਹ ਵੀ ਇੱਕ ਕਾਰਨ ਹੈ।

ਜਾਨ ਲੇਵਾ ਸਾਬਤ ਹੋਇਆ ਮੋਬਾਇਲ ਟਾਵਰ-

ਮੋਬਾਇਲ ਟਾਵਰਾਂ ਤੋਂ ਨਿਕਲਦੀਆਂ ਖਤਰਨਾਕ ਤਰੰਗਾਂ ਵੀ ਇੰਨ੍ਹਾਂ ਪੰਛੀਆਂ ਦੇ ਖਾਤਮੇ ਦਾ ਕਾਰਨ ਬਣਦੀਆਂ ਹਨ।ਇਹ ਬੜੀਆਂ ਭਿਆਨਕ ਤਰੰਗਾਂ ਹਨ, ਜਿਸ ਨਾਲ ਕਈ ਪੰਛੀਆਂ ਦੀਆਂ ਪ੍ਰਜਾਤੀਆਂ ਲਗਭਗ ਖਤਮ ਹੋ ਚੁੱਕੀਆਂ ਹਨ ਤੇ ਕਈ ਪ੍ਰਜਾਤੀਆਂ ਖਤਮ ਹੋਣ ਕਿਨਾਰੇ ਹਨ।ਪਿਛਲੇ ਸਮੇਂ ਦੌਰਾਨ ਅਕਸ਼ੈ ਕੁਮਾਰ ਨੇ ਇੱਕ ਫਿਲਮ ਬਣਾਈ ਸੀ, ਜਿਸ ਵਿੱਚ 5ਜੀ ਟੈਕਨਾਲੋਜੀ ਦੇ ਖਤਰਨਾਕ ਨਤੀਜੇ ਨਿਕਲਦੇ ਵਿਖਾਏ ਗਏ ਸਨ। ਇਹ 5ਜੀ ਟੈਕਨਾਲੋਜੀ ਦੀਆਂ ਖਤਰਨਾਕ ਤਰੰਗਾਂ ਕਿਵੇਂ ਕਹਿਰ ਮਚਾਉਂਦੀਆਂ ਦਿਖਾਈਆਂ ਗਈਆਂ ਸਨ। ਇਹ ਸੌ ਫੀਸਦੀ ਸੱਚ ਹੈ ਕਿ ਮੋਬਾਇਲ ਟਾਵਰ ਵਿੱਚੋਂ ਜੋ ਤਰੰਗਾਂ ਨਿਕਲਦੀਆਂ ਹਨ, ਇਹ ਧਰਤੀ ਤੇ ਮਨੁੱਖ, ਪਸ਼ੂ, ਪੰਛੀ ਤੇ ਹੋਰ ਜੀਵਾਂ ਲਈ ਬੇਹੱਦ ਖਤਰਨਾਕ ਹਨ।ਮਾਹਿਰ ਦੱਸਦੇ ਹਨ ਕਿ ਜੋ ਮਨੁੱਖ ਲਗਾਤਾਰ ਫੋਨ ਕਰਦੇ ਤੇ ਸੁਣਦੇ ਰਹਿੰਦੇ ਹਨ, ਉਹਨਾਂ ਦੀ ਸਿਹਤ ਨੂੰ ਕਈ ਨੁਕਸਾਨ ਪਹੁੰਚਦੇ ਹਨ। ਇਹਨਾਂ ਤਰੰਗਾਂ ਨਾਲ ਪੰਛੀਆਂ ਦੀ ਪ੍ਰਜਣਨ ਕ੍ਰਿਆ ਤੇ ਅਸਰ ਪੈਂਦਾ ਹੈ, ਜਿਸ ਨਾਲ ਇਹਨਾਂ ਪੰਛੀਆਂ ਦੀ ਆਉਣ ਵਾਲੀ ਨਸਲ ਖਤਮ ਹੋਣ ਕਿਨਾਰੇ ਹੈ।

ਚਾਈਨਾ ਡੋਰ-

ਹੁਣ ਨਵੀਂ ਆਈ ਆਫਤ ਜਿਸਨੂੰ ਅਸੀ ਸਾਰੇ ਚਾਈਨਾ ਡੋਰ ਦੇ ਨਾਂਅ ਨਾਲ ਜਾਣਦੇ ਹਾਂ, ਰਹਿੰਦੀ ਖੂੰਹਦੀ ਕਸਰ ਇਸ ਨੇ ਪੂਰੀ ਕਰ ਦਿੱਤੀ ਹੈ। ਜਿਸ ਕਾਰਨ ਅੱਜ ਕੱਲ ਇਹ ਛੋਟਾ ਜਿਹਾ ਅਣਭੋਲ ਪੰਛੀ ਤੇ ਹੋਰ ਵੀ ਪੰਛੀਆਂ ਦੀਆਂ ਸਮੁੱਚੀ ਪ੍ਰਜਾਤੀਆਂ ਬੜੇ ਹੀ ਮਾੜ੍ਹੇ ਦੌਰ ਵਿੱਚੋਂ ਗੁਜ਼ਰ ਰਹੀਆਂ ਹਨ।ਇਹਨਾਂ ਪੰਛੀਆਂ ਦੇ ਉੱਡਦੇ ਸਮੇਂ ਇਹ ਡੋਰ ਇਹਨਾਂ ਦੇ ਪੰਜਿਆਂ, ਖੰਭਾਂ ਨਾਲ ਅੜ ਜਾਂਦੀ ਹੈ। ਨਤੀਜਾ ਤੜਫ-ਤੜਫ ਕੇ ਇਹਨਾਂ ਦੀ ਮੌਤ ਹੋ ਜਾਂਦੀ ਹੈ। ਇਹ ਖੂਨੀ ਡੋਰ ਜ਼ਿਆਦਾਤਰ ਲੋਹੜੀ, ਮਾਘੀ ਤੇ ਬਸੰਤ ਦੇ ਮੌਸਮ ਵਿੱਚ ਪਤੰਗਾਂ ਉਡਾਉਣ ਲਈ ਕੀਤੀ ਜਾਂਦੀ ਹੈ। ਭਾਵੇਂ ਇਸ ਖੂਨੀ ਡੋਰ ਤੇ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਹੈ, ਪਰ ਇਹ ਡੋਰ ਉਨੀਂ ਹੀ ਧੜੱਲੇ ਨਾਲ ਵਿਕਦੀ ਹੈ।ਕਾਨੂੰਨ ਬਹੁਤ ਹੀ ਸਖਤ ਕੀਤਾ ਜਾਣਾ ਚਾਹੀਦਾ ਹੈ।ਗੁਜਰਾਤ ਵਾਂਗ ਚਾਈਨਾ ਡੋਰ ਵੇਚਣ ਵਾਲੇ ਤੇ ਖ੍ਰੀਦ ਕੇ ਪਤੰਗ ਉਡਾਉਣ ਵਾਲੇ ਨੂੰ ਦੋ ਸਾਲ ਦੀ ਕੈਦ ਤੇ ਮੋਟਾ ਜੁਰਮਾਨਾ ਹੋਵੇ।ਜਿਸ ਤੋਂ ਕੋਈ ਸਬਕ ਸਿੱਖ ਸਕੇ।ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਚਾਈਨਾ ਡੋਰ ਦੀ ਰੋਕਥਾਮ ਲਈ ਸੈਮੀਨਾਰ ਹੋਣੇ ਚਾਹੀਦੇ ਹਨ। ਮਾਂ-ਬਾਪ, ਅਧਿਆਪਕ, ਪਿੰਡਾਂ ਦੇ ਪੰਚ, ਸਰਪੰਚ ਆਪਣੇ ਬੱਚਿਆਂ ਨੂੰ ਤੇ ਇਸ ਡੋਰ ਨਾਲ ਪਤੰਗ ਉਡਾਉਣ ਵਾਲੇ ਹਰ ਇਨਸਾਨ ਨੂੰ ਇਸ ਦੇ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਉਣ ਤੇ ਇਹ ਡੋਰ ਨਾ ਖ੍ਰੀਦ ਕੇ ਦੇਣ ਸਗੋਂ ਇਸ ਦੇ ਖਿਲਾਫ ਸੜ੍ਹਕਾਂ ਤੇ ਉਤਰਨ, ਵੇਚਣ ਵਾਲਿਆਂ ਖਿਲਾਫ ਤੇ ਇਸ ਡੋਰ ਨਾਲ ਪਤੰਗ ਉਡਾਉਣ ਵਾਲਿਆਂ ਖਿਲਾਫ ਆਪਣਾ ਵਿਰੋਧ ਜਤਾਉਣ। ਇਹ ਡੋਰ ਖ੍ਰੀਦਣ ਤੇ ਵੇਚਣ ਵਾਲੇ ਦੀ ਸ਼ਿਕਾਇਤ ਆਪਣੇ ਜਿਲ੍ਹੇ ਦੇ ਡੀ.ਸੀ, ਸੇਲਜ਼ ਟੈਕਸ ਅਫਸਰ, ਤਹਿਸੀਲਦਾਰ ਜਾਂ ਥਾਣਿਆਂ ਵਿੱਚ ਪੁਲਿਸ ਮੁੱਖੀਆਂ ਨੂੰ ਕਰਨ। ਪਲਾਸਟਿਕ ਦੀ ਡੋਰ ਵੇਚਣਾ ਤੇ ਖ੍ਰੀਦਣਾ ਕਾਨੂੰਨੀ ਜ਼ੁਰਮ ਹੈ। ਆਪਾਂ ਸਾਰੇ ਇਹ ਅਹਿਦ ਕਰੀਏ ਕਿ ਮੈਂ ਇਹ ਜ਼ੁਰਮ ਨਹੀ ਕਰਨਾ। ਪ੍ਰਸ਼ਾਸ਼ਨ ਵੱਲੋਂ ਸ਼ਿਕਾਇਤ ਕਰਨ ਵਾਲੇ ਦਾ ਨਾਂ ਜਨਤਕ ਨਹੀ ਕੀਤਾ ਜਾਂਦਾ।ਸਾਰੇ ਆਪਣੀ-ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰੋ।ਇਸੇ ਸਿਆਣਪ ਵਿੱਚ ਹੀ ਸਭ ਦੀ ਭਲਾਈ ਹੈ।

ਚੀਨ ਦਾ ਕਹਿਰ-

ਚੀਨ ਨੇ ਇੱਕ ਸਮੇਂ ਇੱਕ ਅਭਿਆਨ ਸ਼ੁਰੂ ਕਰਕੇ ਚੀਨ ਵਿੱਚ ਸਭ ਚਿੜੀਆਂ ਦਾ ਖਾਤਮਾ ਕਰ ਦਿੱਤਾ ਸੀ। ਉਹ ਇਸ ਲਈ ਕਿ ਉਹਨਾਂ ਦਾ ਮੰਨਣਾ ਸੀ ਕਿ ਇਹ ਚਿੜੀਆਂ ਖੇਤਾਂ ਵਿੱਚੋਂ ਸਾਰਾ ਅਨਾਜ ਚੁੱਗ ਲੈਂਦੀਆਂ ਹਨ। ਜਿਸ ਕਰਕੇ ਚੀਨ ਵਿੱਚ ਅਨਾਜ ਦੀ ਥੁੜ੍ਹ ਮਹਿਸੂਸ ਹੋ ਰਹੀ ਹੈ।ਚੀਨ ਦਾ ਇਹ ਘਿਨਾਉਣਾ ਅਭਿਆਨ ਜਲਦੀ ਹੀ ਪੂਰਾ ਹੋ ਗਿਆ ਮਤਲਬ ਕਿ ਚੀਨ ਵਿੱਚੋਂ ਸਾਰੀਆਂ ਚਿੜੀਆਂ ਖਤਮ ਕਰ ਦਿੱਤੀਆਂ ਗਈਆਂ, ਪਰ ਚੀਨ ਲਈ ਇਸਦੇ ਬੜੇ ਹੀ ਖਤਰਨਾਕ ਤੇ ਭਿਆਨਕ ਸਿੱਟੇ ਨਿਕਲੇ।ਉਹ ਇਹ ਕਿ ਜੋ ਖੇਤਾਂ ਵਿੱਚੋਂ ਇਹ ਚਿੜੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ-ਮਕੌੜੇ ਖਾਂਦੀਆਂ ਸਨ, ਉਹਨਾਂ ਦੀ ਤਦਾਦ ਇੰਨ੍ਹੀ ਜ਼ਿਆਦਾ ਵੱਧ ਗਈ ਕਿ ਉਹਨਾਂ ਕੀੜਿਆਂ ਨੇ ਸਾਰੇ ਦੇ ਸਾਰੇ ਖੇਤ ਦੀ ਨਸ਼ਟ ਕਰ ਦਿੱਤੇ। ਅਨਾਜ ਬਿਲਕੁੱਲ ਹੀ ਖਤਮ ਹੋ ਗਿਆ, ਜਿਸ ਨਾਲ ਚੀਨ ਵਿੱਚ ਕਾਲ ਪੈ ਗਿਆ ਸੀ ਤੇ ਉੱਥੋਂ ਦੇ ਲੋਕ ਰੋਟੀ ਲਈ ਵੀ ਤਰਸੇ ਸਨ।

ਰੌਚਕ ਗੱਲਾਂ-

ਸੰਨ 2012 ਵਿੱਚ ਚਿੜ੍ਹੀਆਂ ਦੀ ਘੱਟਦੀ ਗਿਣਤੀ ਨੂੰ ਦੇਖਦੇ ਹੋਏ ਇਸ ਪੰਛੀ ਨੂੰ ਦਿੱਲੀ 'ਚ ਰਾਜ ਪੰਛੀ ਦਾ ਦਰਜਾ ਦਿੱਤਾ ਗਿਆ। ਸੰਨ 2013 ਵਿੱਚ ਇਸੇ ਤਰਜ ਤੇ ਬਿਹਾਰ ਵਿੱਚ ਵੀ ਇਸ ਪੰਛੀ ਨੂੰ ਰਾਜ ਪੰਛੀ ਘੋਸ਼ਿਤ ਕੀਤਾ ਗਿਆ ਹੈ। ਸੰਨ 2010 ਵਿੱਚ ਭਾਰਤ ਸਰਕਾਰ ਨੇ ਇਸ ਘਰੇਲੂ ਚਿੜ੍ਹੀ ਤੇ ਚਿੜ੍ਹੇ ਵਾਲੀ ਤਸਵੀਰ ਦੀ ਪੰਜ ਰੁਪਏ ਵਾਲੀ ਡਾਕ ਟਿਕਟ ਜਾਰੀ ਕੀਤੀ ਹੈ।

ਇਹ ਪੰਛੀ ਪਾਣੀ ਵਿੱਚ ਥੋੜ੍ਹਾ ਬਹੁਤਾ ਤੈਰ ਵੀ ਲੈਂਦਾ ਹੈ ਤੇ ਡੁਬਕੀ ਲਗਾ ਕੇ ਥੋੜ੍ਹੇ ਸਮੇਂ ਲਈ ਇੱਕ ਤੋਂ ਦੂਜੀ ਜਗ੍ਹਾ ਤੇ ਨਿਕਲ ਲੈਂਦਾ ਹੈ।

ਸੰਨ 2010 ਵਿੱਚ ਨਾਸਿਕ ਦੇ ਰਹਿਣ ਵਾਲੇ ਮੁਹੰਮਦ ਦਿਲਾਵਰ ਨੇ ਇਸ ਘਰੇਲੂ ਮਿੱਤਰ ਚਿੜ੍ਹੀ ਦੇ ਬਚਾਅ ਲਈ 'ਨੇਚਰ ਫੋਰੇਵਰ ਸੁਸਾਇਟੀ' ਦੀ ਸਥਾਪਨਾ ਕੀਤੀ ਸੀ।

ਇਸ ਚਿੜੀ ਦੀ ਗਿਣਤੀ ਵਿੱਚ ਪਿਛਲੇ ਸਾਲਾਂ ਤੋਂ 60 ਤੋਂ 80 ਪ੍ਰਤੀਸ਼ਤ ਤੱਕ ਦੀ ਕਮੀ ਆਈ ਹੈ। ਬ੍ਰਿਟੇਨ ਦੀ 'ਰਾਇਲ ਸੁਸਾਇਟੀ ਆਫ ਪ੍ਰੋਡਕਸ਼ਨ ਆਫ ਬਰਡਜ਼' ਨੇ ਭਾਰਤ ਤੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਖੋਜ਼ ਕਰਕੇ ਇਹਨਾਂ ਚਿੜ੍ਹੀਆਂ ਨੂੰ 'ਰੈੱਡ ਲਿਸਟ' ਵਿੱਚ ਪਾਇਆ ਹੈ।

ਯੂ ਪੀ ਦੇ ਬਿਜ਼ਨੌਰ ਵਿੱਚ ਇੱਕ ਸ਼ਖਸ , ਜਿਸਦਾ ਨਾਮ ਜਮਾਲ ਸ਼ੇਖ ਹੈ, ਉਸਨੇ ਆਪਣੇ ਘਰ ਝਾੜੀਨੁਮਾ ਦਰੱਖਤ ਲਾ ਰੱਖੇ ਹਨ। ਜਿਸ ਉੱਪਰ ਹਜ਼ਾਰਾਂ ਚਿੜੀਆਂ ਨੇ ਆਪਣੇ ਆਲ੍ਹਣੇ ਬਣਾਏ ਹੋਏ ਹਨ। ਉਹਨਾਂ ਨੇ ਆਪਣਾ ਘਰ ਰਿਪੇਅਰ ਵੀ ਕਰਾਇਆ ਹੈ, ਪਰ ਉਹਨਾਂ ਚਿੜ੍ਹੀਆਂ ਦੇ ਆਲ੍ਹਣਿਆਂ ਵਾਲੀ ਥਾਂ ਨੂੰ ਨਹੀ ਬਦਲਿਆ। ਉਹਨਾਂ ਦਾ ਮੰਨਣਾ ਹੈ ਕਿ ਜੇ ਅਸੀਂ ਇਹਨਾਂ ਦੇ ਆਲ੍ਹਣਿਆਂ ਨਾਲ ਛੇੜਛਾੜ ਕਰ ਦਿੱਤੀ ਤਾਂ ਇਹ ਕਿਧਰੇ ਹੋਰ ਨਾ ਚਲੀਆਂ ਜਾਣ।ਜਦ 20 ਮਾਰਚ ਨੂੰ 'ਵਰਲਡ ਸਪੈਰੋ ਡੇ' ਮਨਾਇਆ ਜਾਂਦਾ ਹੈ ਤਾਂ ਉਹਨਾਂ ਦੇ ਘਰ ਕਈ ਨਾਮੀ-ਗਰਾਮੀ ਹਸਤੀਆਂ ਉਹਨਾਂ ਚਿੜੀਆਂ ਨੂੰ ਦੇਖਣ ਆਉਂਦੀਆਂ ਹਨ।

ਲੋਪ ਹੋ ਰਹੀਆਂ ਪ੍ਰਜਾਤੀਆਂ-

ਇੰਨ੍ਹਾਂ ਵਿੱਚੋਂ ਕਈ ਪ੍ਰਜਾਤੀਆਂ ਲੋਪ ਹੋਣੀਆਂ ਸ਼ੁਰੂ ਹੋ ਗਈਆਂ ਹਨ। 'ਵਰਲਡ ਲਾਈਫ ਇੰਟਰਨੈਸ਼ਨਲ' ਅਤੇ 'ਇੰਟਰਨੈਸ਼ਨਲ ਯੂਨੀਅਨ ਫਾਰ ਕੰਜਰਵੇਸ਼ਨ ਆਫ ਨੇਚਰ' ਦੇ ਅੰਕੜਿਆਂ ਮੁਤਾਬਿਕ ਲਗਭਗ ਦਸ ਹਜ਼ਾਰ ਤੋਂ ਵੀ ਵੱਧ ਪ੍ਰਜਾਤੀਆਂ ਦੇ ਪੰਛੀ ਪੂਰੀ ਦੁਨੀਆਂ ਵਿੱਚ ਮਿਲਦੇ ਹਨ। ਜਿੰਨ੍ਹਾਂ ਵਿੱਚੋਂ 19ਵੀਂ ਸਦੀ ਦੇ ਆਰੰਭ ਵਿੱਚ ਹੀ ਇੱਕ ਸੌ ਤਿੰਨ ਪ੍ਰਜਾਤੀਆਂ ਤਾਂ ਲਗਭਗ ਖਤਮ ਹੋ ਗਈਆਂ ਹਨ। ਬਾਰ੍ਹਾਂ ਸੌ ਤੋਂ ਵੱਧ ਪ੍ਰਜਾਤੀਆਂ ਦੇ ਪੰਛੀ ਇੱਕਲੇ ਭਾਰਤ ਵਿੱਚ ਪਾਏ ਜਾਂਦੇ ਹਨ। ਪੂਰੀ ਦੁਨੀਆਂ ਵਿੱਚ ਲਗਭਗ ਇੱਕੋ ਸਮੇਂ ਦੋ ਲੱਖ ਤੋਂ ਵੀ ਵਧੇਰੇ ਪੰਛੀ ਬੱਚੇ ਦੇਣ ਯੋਗ ਹੋ ਜ਼ਾਂਦੇ ਹਨ, ਜਿੰਨ੍ਹਾਂ ਵਿੱਚੋਂ ਇੱਕ ਸੌ ਬਿਆਸੀ ਪ੍ਰਜਾਤੀਆਂ ਅਗਲੇ ਅੱਠ ਸਾਲਾਂ ਵਿੱਚ ਖਤਮ ਹੋਣ ਦੀ ਚਿੰਤਾ ਜਤਾਈ ਹੈ। ਇਹ ਛੋਟੇ ਜਿਹੇ ਪੰਛੀ (ਚਿੜੀ) ਦੀ ਗਿਣਤੀ ਵਿੱਚ 60 ਤੋਂ 80 ਫੀਸਦੀ ਤੱਕ ਦੀ ਘਾਟ ਪਾਈ ਗਈ ਹੈ । ਇੰਨ੍ਹਾਂ ਚਿੜ੍ਹੀਆਂ ਦਾ ਇੰਨ੍ਹੀ ਤੇਜ਼ੀ ਨਾਲ ਘੱਟਣਾ ਇਨਸਾਨ ਜਾਤੀ ਲਈ ਵੀ ਖਤਰੇ ਦੀ ਘੰਟੀ ਹੈ। ਜੇ ਸਮੁੱਚੀ ਪੰਛੀ ਜਾਤੀ ਦੇ ਬਚਾਅ ਲਈ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲਾ ਸਮਾਂ ਸਾਡੇ ਸਭ ਲਈ ਬੜਾ ਹੀ ਖਤਰਨਾਕ ਤੇ ਦੁਖਦਾਈ ਹੋਵੇਗਾ।

ਰਹਿਮ ਦੀ ਅਪੀਲ-

ਆਉ ਆਪਾਂ ਸਾਰੇ ਪ੍ਰਣ ਕਰੀਏ ਕਿ 20 ਮਾਰਚ ਦਾ ਦਿਹਾੜ੍ਹਾ 'ਵਿਸ਼ਵ ਚਿੜ੍ਹੀ ਦਿਵਸ' ਵਜੋਂ ਮਨਾਉਣ ਦੇ ਮਕਸਦ ਨੂੰ ਕਾਮਯਾਬ ਬਣਾਉਣ ਲਈ ਇੰਨ੍ਹਾਂ ਚੰਦ ਕੁ ਸੁਝਾਵਾਂ ਤੇ ਅਮਲ ਕਰਕੇ ਇਸ ਪ੍ਰਜਾਤੀ ਦੇ ਵਜੂਦ ਨੂੰ ਘੋਰ ਸੰਕਟ ਵਿੱਚੋਂ ਬਾਹਰ ਕੱਢੀਏ । ਸਭ ਤੋਂ ਪਹਿਲਾਂ ਜੰਗਲਾਂ ਹੇਠ ਰਕਬਾ 6 ਫੀਸਦੀ ਤੋਂ ਵਧਾ ਕੇ 33 ਫੀਸਦੀ ਕਰਨ ਲਈ ' ਹਰ ਇੱਕ ਮਨੁੱਖ ਲਾਵੇ ਇੱਕ ਇੱਕ ਰੁੱਖ' ਤੇ ਪਹਿਰਾ ਦੇਂਦੇ ਹੋਏ ਹਰੇਕ ਨੂੰ ਘਰਾਂ ਵਿੱਚ, ਸੜ੍ਹਕ ਦੇ ਕੰਢੇ, ਸਕੂਲ ਵਿੱਚ, ਸ਼ਮਸ਼ਾਨ ਘਾਟ, ਪੰਚਾਇਤੀ ਜ਼ਮੀਨ ਵਿੱਚ ਜਾਂ ਹੋਰ ਕਿਸੇ ਵੀ ਖਾਲੀ ਥਾਂ ਤੇ ਰੁੱਖ ਲਾ ਕੇ ਸਾਂਭ ਸੰਭਾਲ ਕਰਕੇ ਵੱਡਾ ਰੁੱਖ ਬਣਾਈਏ। ਇੰਨ੍ਹਾਂ ਪੰਛੀਆਂ ਲਈ ਲੱਕੜ ਦੇ ਝੋਪੜੀਨੁਮਾ ਘਰ ਬਣਾ ਕੇ ਸੁਰੱਖਿਅਤ ਥਾਵਾਂ ਤੇ ਟੰਗੀਏ, ਨਾਲ ਮਿੱਟੀ ਦੇ ਭਾਂਡੇ ਵਿੱਚ ਪਾਣੀ ਰੱਖੀਏ ਜੋ ਰੋਜ਼ਾਨਾ ਬਦਲਿਆ ਜਾਵੇ। ਦਾਣਾ (ਚੋਗਾ) ਵੀ ਰੋਜ਼ ਪਾਇਆ ਜਾਵੇ। ਆਪਣੇ-ਆਪਣੇ ਘਰਾਂ ਵਿੱਚ ਵੀ ਇਹਨਾਂ ਦੇ ਭੋਜਨ ਦਾ ਇੰਤਜਾਮ ਕਰੀਏ। ਆਪਣੇ-ਆਪਣੇ ਘਰ ਵਿਚ ਇਹਨਾਂ ਲਈ ਚੋਗਾ ਪਾਈਏ ਤੇ ਸਾਫ-ਸੁਥਰਾ ਪੀਣ ਲਈ ਪਾਣੀ ਰੱਖੀਏ। ਜਿਹੜੇ ਘਰ ਸਾਰੇ ਛੱਤੇ ਹੋਏ ਹਨ ਜਾਂ ਭੀੜੇ ਘਰ ਹਨ ਉਹਨਾਂ ਘਰਾਂ ਦੀਆਂ ਛੱਤਾਂ ਤੇ ਚੋਗਾ ਪਾਈਏ ਤੇ ਪੀਣ ਵਾਲਾ ਪਾਣੀ ਰੱਖੀਏ।ਖੇਤਾਂ ਵਿੱਚ ਘੱਟ ਤੋਂ ਘੱਟ ਜ਼ਹਿਰਾਂ ਦਾ ਇਸਤੇਮਾਲ ਕੀਤਾ ਜਾਵੇ ਜੋ ਸਾਡੇ ਸਭ ਲਈ ਚੰਗਾ ਸਮਾਂ ਆਉਣ ਦੀ ਨਿਸ਼ਾਨੀ ਹੋਏਗਾ। ਆਪਣੀਆਂ ਗੱਡੀਆਂ ਦੀ ਸਮੇਂ ਸਿਰ ਸਰਵਿਸ ਕਰਵਾਈਏ ਤਾਂ ਜੋ ਘੱਟ ਪ੍ਰਦੂਸ਼ਣ ਫੈਲੇ। ਵਿਗਿਆਨੀ ਜਲਦੀ ਨਾਲ ਕੋਈ ਐਸੀ ਤਕਨੀਕ ਇਜ਼ਾਦ ਕਰਨ ਜਿਸ ਨਾਲ ਮੋਬਾਇਲ ਟਾਵਰਾਂ ਤੋਂ ਨਿਕਲਦੀਆਂ ਸੂਖਮ ਤਰੰਗਾਂ ਦਾ ਇੰਨ੍ਹਾਂ ਪੰਛੀਆਂ ਦੀ ਸਿਹਤ ਤੇ ਮਾੜਾ ਪ੍ਰਭਾਵ ਨਾ ਪਵੇ। ਚਾਈਨਾ ਡੋਰ ਤੇ ਮੁਕੰਮਲ ਤੌਰ ਤੇ ਪਾਬੰਦੀ ਲਗੇ। ਆਉ ਪੰਛੀਆਂ ਤੇ ਰਹਿਮ ਕਰੀਏ। ਇਸ ਗੱਲ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ ਤਾਂ ਜੋ ਫਿਰ ਤੋਂ ਪੁਰਾਣੇ ਸਮੇਂ ਵਾਂਗ ਇਹ ਸਮੁੱਚੇ ਪੰਛੀ ਖੁਸ਼ੀ ਵਿੱਚ ਨੱਚਣ, ਝੂਮਣ, ਗਾਉਣ ਤੇ ਅੰਮ੍ਰਿਤ ਵੇਲੇ ਸਭ ਨੂੰ ਉੱਠਣ ਦਾ ਹੋਕਾ ਦੇਣ। ਇਸੇ ਵਿੱਚ ਸਾਡੀ ਸਭ ਦੀ ਭਲਾਈ ਹੈ।

# ਭਾਰਤ ਦਾ ਮਿੰਨੀ ਸਵਿਟਜ਼ਰਲੈਂਡ-ਖ਼ਜਿਆਰ (ਡਲਹੋਜੀ)

ਮਨੁੱਖ ਦਾ ਕੁਦਰਤ ਨਾਲ ਬੜਾ ਗੂੜਾ ਰਿਸਤਾ ਹੈ। ਜਿਸ ਦੀ ਸੰਗਤ ਲਈ ਉਸ ਵੱਲ ਖਿੱਚਾ ਤੁਰਿਆ ਜਾਂਦਾ ਹੈ । ਭਾਰਤ ਵਾਤਾਵਰਨ ਪੱਖੋ ਬਹੁਤ ਅਮੀਰ ਦੇਸ਼ ਹੈ। ਜਿਥੇ ਸਰਦੀ, ਗਰਮੀ, ਪੱਤਝੜ ਤੇ ਬਹਾਰ ਬਨਸਪਤੀ ਨੂੰ ਨਵੇਕਲੇ ਰੰਗਾ ਵਿੱਚ ਲਬਰੇਜ ਰੱਖਦੀ ਹੈ । ਜਿਸ ਸਦਕਾ ਪਹਾੜ, ਰੁੱਖ, ਫੁੱਲ, ਫਲ ਤੇ ਹਰਿਆਵਲ ਚੋਤਰਫਾ ਦੇ ਨਜ਼ਾਰੇ ਹੋਰ ਦਿਲਕਸ਼ ਹੋ ਜਾਦੇ ਹਨ । ਜੋ ਮਨੁੱਖ ਨੂੰ ਸਕੂਨਮਈ ਪਲ ਬਖ਼ਸ਼ਦੇ ਹਨ।

ਹਿਮਾਚਲ ਦਾ ਜ਼ਿਲ੍ਹਾ ਚੰਬਾ ਪਹਾੜੀ ਖੂਬਸੂਰਤੀ ਦਾ ਅਦਭੁੱਤ ਨਮੂਨਾ ਹੈ। ਉਂਜ ਵਸੋ ਜ਼ਰੂਰ ਘੱਟ ਹੈ ਪਰ ਪਹਾੜਾ ਦੀ ਆਪ ਮੁਹਾਰੀ ਉਮੜੀ ਕੁਦਰਤੀ ਕਲਾ (ਕੈਨਵਸ) ਦੀ ਕੋਈ ਘਾਟ ਨਹੀ। ਜਿਸ ਨੂੰ ਪਿਛਲੇ ਦਸੰਬਰ ਪਰਿਵਾਰਾ ਸਮੇਤ ਜਾਨਣ ਤੇ ਮਾਨਣ ਦਾ ਸਬੱਬ ਨਸੀਬ ਹੋਇਆ । ਇਸ਼ ਮਹੀਨੇ ਡਲਹੋਜੀ ,ਕਾਲਾਟੋਪ,ਡਾਇਨ ਕੁੰਡ,ਖਜਿਆਰ ਤੇ ਚਮੇਰਾ ਝੀਲ ਦੀ ਮੋਸਮੀ ਤਾਜ਼ਗੀ ਚਰਮ ਸੀਮਾ ਹੁੰਦੀ ਹੈ। ਚੰਡੀਗੜ੍ਹ ਤੋਂ ਡਲਹੋਜੀ ਬਾਇਆ ਪਠਾਨਕੋਟ ਸੜਕੀ ਜਾਣ ਦਾ ਮਾਰਗ 327 ਕਿ.ਮੀ ਹੈ। ਜੋ ਪਹਾੜੀ ਰਾਹਾਂ ਵਿਚੋ ਲੰਘਦਿਆ 7-8 ਘੰਟਿਆ ਦਾ ਪਤਾ ਵੀ ਨਹੀ ਲਗਦਾ । ਖਜਿਆਰ ਹਰਿਆਵਲ ਕਲਾ ਦਾ ਦੇਖਣ ਯੋਗ ਨਮੂਨਾ ਹੈ । ਪਰ ਡਲਹੋਜੀ ਵੀ ਸਾਮਰਾਜੀ ਕਲਾ ਅਤੇ ਪ੍ਰਕਿਰਤੀ ਸੁਹੱਪਣ ਪੱਖੋ ਘੱਟ ਨਹੀ। ਇਸ ਦਾ ਪਰਬਤੀ ਖੇਤਰ ਧੌਲਧਾਰ ਦੀਆ ਪਹਾੜੀਆ ਵਿਚੋ ਲੰਘਦਾ ਜਿਹੜਾ ਸਮੁੰਦਰੀ ਤਟ ਤੋ 1970 ਮੀਟਰ ਉਚਾ ਹੈ। ਜਿਸ ਨੂੰ 1848 ਵਿੱਚ ਨੂੰ ਲਾਰਡ ਡਲਹੋਜੀ ਨੇ ਵਸਾਇਆ । ਉਸ ਸਮੇ ਅੰਗਰੇਜੀ ਫੋਜ ਦੇ ਅਫਸਰਾ ਵਾਸਤੇ ਗਰਮੀ ਦੀਆ ਛੁੱਟੀਆ ਲਈ ਰੈਣ-ਬਸੇਰੇ ਤੇ ਸੈਰ ਸਪਾਟੇ ਦਾ ਰਮਣੀਕ ਸਥਾਨ ਸੀ । ਇਹ ਉਤਰੀ ਭਾਰਤ ਦੇ ਸਾਮਰਾਜੀ ਅਫਸਰ ਦਾ ਕੇਂਦਰ ਬਿੰਦੂ ਰਿਹਾ ਸੇਂਟ ਜੋਨਸ ਚਰਚ ਡਲਹੋਜੀ ਦਾ ਮੁੱਖ ਅਕ੍ਰਸਿਤ ਤੇ ਇਤਿਹਾਸਕ ਸਥਾਨ ਹੈ ਜੋ ਗਾਂਧੀ ਚੌਕ ਦੇ ਸਾਹਮਣੇ ਹੈ। ਹਰੇ ਕਚੂਰ ਲੱਦੇ ਪਹਾੜ ਤੇ ਪਾਈਨ ਦੇ ਰੁੱਖਾ ਵਿਚਲੇ ਸਾਂਤ ਮਹੋਲ ਨੂੰ ਹੋਰ ਰੂਹਾਨੀ ਬਣਾਉਦੀ ਹੈ। ਇਹ ਚਰਚ ਪ੍ਰੋਸਟੈਸਟੈਂਟ ਸਮੁਦਾਏ ਨਾਲ ਸਬੰਧਤ ਹੈ। ਜੋ ਪਹਿਲਾ ਲੱਕੜੀ ਦੀ ਬਣਾਈ ਗਈ ਸੀ । 1863 ਵਿੱਚ ਜੋਨ.ਐਚ.ਪਾਰਟ ਨੇ ਪੱਥਰ,ਸੀਸਾ ਤੇ ਲਕੜੀ ਦੀ ਮੀਨਾਕਾਰੀ ਨਾਲ ਸਥਾਈ ਰੂਪ ਦਿੱਤਾ । ਇਸ ਦਾ ਮੁਹਾਂਦਰਾ ਇੰਨ-ਬਿੰਨ ਇੰਗਲੈਂਡ ਦੀ ਕੈਥੋਲਿਕ ਚਰਚ ਨਾਲ ਮਿਲਦਾ ਹੈ । ਚੈਪਲ (ਚਰਚ ਦਾ ਪੂਜਾ ਸਥਾਨ ) ਨੂੰ ਲਕੜੀ ਤੇ ਰੰਗਦਾਰ ਸੀਸੇ ਨਾਲ ਸਜਾਇਆ ਗਿਆ ਹੈ। ਉਸ ਸਮੇ ਦੇ ਇਤਿਹਾਸ ਤੇ ਸੱਭਿਆਚਾਰ ਨੂੰ ਗੈਲਰੀ ਦੀਆ ਫੋਟੋ ਤੇ ਲਾਇਬਰ੍ਰੇਰੀ ਦੀਆ ਦੁਰਲਬ ਕਿਤਾਬਾ ਬਖੂਬੀ ਬਿਆਨ ਕਰਦੀਆ ਹਨ। ਚਰਚ ਸੱਤੋ ਦਿਨ ਸਵੇਰੇ 7 ਤੋ ਸਾਮ 7 ਵਜੇ ਤੱਕ ਖੁਲਦੀ ਹੈ। ਜਿਥੇ ਆਥਣ ਵੇਲੇ ਲੋਕੀ ਨਤਮਤਕ ਹੋਣ ਲਈ ਆਉਦੇ , ਨਾਲ ਲਗਦੇ ਮੇਨ ਬਜਾਰ ਵਿਚੋ ਲਕੜੀ ਦੇ ਬਣੇ ਸਮਾਨ ਦੀ ਖਰੀਦਦਾਰੀ ਵੀ ਕਰਦੇ ਹਨ। ਸੈਲਾਨੀ ਠੰਡ ਤੋ ਬਚਣ ਲਈ ਗਰਮ ਪਹਾੜੀ ਪਕਵਾਨ ਨਾਲ ਉਬਲਦੇ ਕੇਸ਼ਰ ਵਾਲੇ ਦੁੱਧ ਦਾ ਜਾਇਕਾ ਲੈਣਾ ਨਹੀ ਭੁੱਲ਼ਦੇ।

ਡਲਹੋਜੀ ਤੋ ਖਜਿਆਰ ਦਾ ਸੜਕ ਰਾਹੀ ਸਫਰ 22 ਕਿ.ਮੀ ਜਦੋ ਕਿ ਹਵਾਈ ਸਫਰ ਸਿਰਫ 9 ਕਿ.ਮੀ ਹੀ ਹੈ । ਪਰ ਦਿਉਦਰ ਤੇ ਓਕ ਦੇ ਰੁੱਖਾ ਵਿਚੋ ਲੰਘਦੇ ਨਾਗ ਵਲੇਵੇਂ ਰਸਤਿਆ ਦਾ ਅਨੰਦ ਜਹਾਜ ਵਿੱਚ ਨਹੀ ਮਿਲਦਾ। ਇਹਨਾ ਦੋਵਾ ਵਿਚਕਾਰ ਕਾਲਾਟੋਪ (Kalatop) ਖਜਿਆਰ ਸੈਂਚਰੀ ਪੈਦੀ ਹੈ। ਇਹ ਨਾਮ ਚਾਰੇ ਪਾਸੇ ਫੈਲੇ ਕਾਲੀ ਲੱਕੜ ਵਾਲੇ ਘਣੇ ਜੰਗਲਾ ਕਾਰਨ ਪਿਆ । ਜੋ ਸਮੁੰਦਰੀ ਤਲ ਤੋ ਉੱਚਾ 2768 ਮੀ ਹੈ। 30.69 ਕਿ.ਮੀ ਸੰਘਣੀ ਬਨਸਪਤੀ ਦਾ ਇਲਾਕਾ ਟ੍ਰੈਕਿੰਗ ਵਾਲਿਆ ਦੀ ਪਹਿਲੀ ਪਸੰਦ ਹੈ। 19.63 ਕਿ.ਮੀ ਦੇ ਪਹਾੜੀ ਖੇਤਰ ਵਿੱਚ ਇਕੱਲੇ ਦਿਉਦਰ ਤੇ ਫਰ ਜਾਤੀ ਦੇ ਦਰਖਤ ਹਨ। ਇਹਨਾ ਸਿੱਧੇ ਤਣੇ ਵਾਲੇ ਦਰਖਤਾ ਦੀ ਉਚਾਈ 131 ਤੋ 164 ਫੁੱਟ ਪਰ ਕਈ 197 ਫੁੱਟ ਉੱਚੇ ਵੀ ਹਨ ਜਿਸਦੇ ਤਣੇ ਦਾ ਖੇਤਰਫਲ 10 ਫੁੱਟ ਕਰੀਬ ਹੈ। ਇਸ ਦੇ ਪੱਤੇ ਲੰਮੇ ,ਚਮਕੀਲੇ ਤੇ ਨੋਕੀਲੇ ਹਨ। ਇਹਨਾ ਦਾ ਮੂਲ ਸਥਾਨ ਹਿਮਾਲਿਆ ਪਰਬਤ ਤੇ ਭੂੰ-ਮੱਧ ਸਾਗਰ ਹੈ। ਲੱਕੜ ਵਜਨ ਵਿੱਚ ਹਲਕੀ ਪਰ ਮਜਬੂਤ ਹੁੰਦੀ ਹੈ। ਇਸ ਲੱਕੜ ਨੂੰ ਅੰਗਰੇਜ ਬੈਰਕਾ ਬਣਾਉਣ ਲਈ ਵਰਤਦੇ ਸਨ।ਹੰਢਣਸਾਰ ਹੋਣ ਕਰਕੇ ਕਸਮੀਰ ਵਿੱਚ ਸਿਕਾਰੇ ਤੇ ਕਿਸਤੀਆ ਵੀ ਬਣਾਈਆ ਜਾਦੀਆ ਹਨ ।ਦਿਉਦਾਰ ਪਕਿਸਤਾਨ ਦਾ ਰਾਸਟਰੀ ਰੁੱਖ ਹੈ। ਪਾਈਨ ਦੇ ਰੁੱਖਾ ਪਹਾੜਾ ਦੀ ਸਾਨ ਨੂੰ ਹੋਰ ਵਧਾਉਦੇ ਹਨ। ਇਹਨਾ ਦੀ ਉਮਰ 100 ਤੋ 1000 ਸਾਲ ਅਤੇ 10 ਤੋ 260 ਫੁੱਟ ਲੰਮੇ ਹਨ । ਕੈਲੋਫੋਰਨੀਆ ਵਿੱਚ ਦੁਨੀਆ ਦਾ ਸਭ ਤੋ ਪੁਰਾਣਾ ਮੈਥੂਸਲੇਹ ਕਿਸਮ ਦੇ ਪਾਈਨ ਰੁੱਖ ਦੀ ਉਮਰ 4852 ਸਾਲ ਹੈ । ਪਹਾੜਾ ਵਿੱਚ ਭਾਲੂ ,ਭੇੜੀਏ,ਗੁਰੀਲੇ ,ਬਾਂਦਰ,ਹਿਰਨ ,ਲੰਗੂਰ ,ਬਲੈਕ ਹੋਡਾ ਜੈਅ ,ਕੈਮੂਨਟ ਬਿਲਡ ਰੋਕ ਥਰੰਮ ,ਗਰੇਅ ਹਿੰਡਰ ਅਤੇ ਫਲਾਈ ਕੈਂਚਰ ਵਰਗੇ ਜਾਨਵਰ ਤੋ ਇਲਾਵਾ ਮੋਰ,ਤੋਤੇ ,ਚਿੜੀਆ ,ਪਹਾੜੀ ਮੁਰਗੇ , ਖਰਗੋਸ਼, ਬੱਤਖਾ ਵੀ ਆਮ ਵੇਖਣ ਨੂੰ ਮਿਲਦੀਆ ਹਨ। ਕਾਲਾਟੋਪ ਤੇ ਡਾਇਨ ਕੁੰਡ ਚੋਟੀ ਉਪਰ ਬਰਫਬਾਰੀ (Snow Fall ) ਬਾਕੀ ਖੇਤਰ ਤੋ 2 -3 ਦਿਨ ਪਹਿਲਾ ਹੋਣ ਲਗਦੀ ਹੈ। ਜੋ ਆਲੇ -ਦੁਵਾਲੇ ਲਈ ਬਰਫੀਲੇ ਮੋਸਮ ਸੁਰੂ ਹੋਣ ਦਾ ਸੰਕੇਤ ਹੁੰਦਾ ਹੈ। 1973 ਵਿੱਚ ਡਾਇਨ ਕੁੰਡ ਚੋਟੀ (Dayan Kund Peak ) ਉਪਰ ਏਅਰ ਫੋਰਸ ਸਟੇਸਨ ਸਥਾਪਤ ਕੀਤਾ ਗਿਆ ਉਸ ਸਮੇ ਤੋ ਆਮ ਲੋਕਾ ਦਾ ਜਾਣਾ ਸੰਭਵ ਨਹੀ। ਰਾਵੀ ਨਦੀ ਡਾਇਨ ਕੁੰਡ ਵਿਚੋ ਹੋ ਕੇ ਨਿਕਲਦੀ ਹੈ।

ਅਗਲਾ ਮੁੱਖ ਪੜਾਅ ਖਜਿਆਰ 2050 ਮੀਟਰ ਉਚਾ ਤੇ ਕੇਵਲ 15 ਕਿ.ਮੀ ਦੀ ਦੂਰੀ ਤੇ ਸੀ । ਪਹਿਲੇ ਨਜਰੇ ਕੁਦਰਤ ਦੀ ਕਲਾਕਾਰੀ ਦੇਖ ਅੱਖਾ ਅੱਡੀਆ ਰਿਹ ਜਾਦੀਆ ਹਨ। ਉਹ ਪਲ ਸਵਰਗਮਈ ਦੁਨੀਆ ਦੇ ਪ੍ਰਵੇਸ ਤੋ ਘੱਟ ਨਹੀ ਜਾਪਦਾ। ਚਾਰੇ ਪਾਸੇ ਦਿਉਦਰ ਨਾਲ ਲੱਦੇ ਪਹਾੜ, ਨੀਲਾ ਆਸਮਾਨ ਤੇ ਖੁੱਲਾ ਹਰਾ ਭਰਾ ਘਾਹ ਦਾ ਮੈਦਾਨ ਪਲਾ ਲਈ ਦੁਨਿਆਵੀ ਝਮੇਲਿਆ ਤੋ ਮੁਕਤ ਕਰ ਦਿੰਦਾ ਹੈ। ਝੀਲ ਵਿੱਚ ਘੁੰਮਦਾ ਟਾਪੂ (Floating Island) ਪ੍ਰਕਿਰਤੀ ਦੀ ਸਿਰਜਣਾ ਅਲੌਕਿਕ ਰੰਗ ਹੈ। ਖਾਜੀ ਨਗ (Khaji nag) ਮੰਦਰ ਸਥਾਨੀ ਲੋਕਾ ਆਸਥਾ ਨੂੰ ਰੂ-ਬ-ਰੂ ਕਰਵਾਉਦਾ ਹੈ ਜਿਸ ਤੋ ਖਜਿਆਰ ਦਾ ਨਾਮਕਰਨ ਹੋਇਆ ਸੀ। ਇਹ ਮੰਦਰ 12ਵੀ ਸਦੀ ਵਿੱਚ ਰਾਜੇ ਪ੍ਰਿਥਵੀ ਸਿੰਘ ਨੇ ਬਣਵਾਇਆ। ਇਸ ਖੁਸ਼ਗਵਾਰ ਮਹੋਲ ਵਿੱਚ ਯਾਤਰੀ ਪੈਰਾਗਲ਼ਾਈਡਿੰਗ ,ਘੋੜ ਸਵਾਰੀ ,ਜੋਰਬਿੰਗ (ਘੁੰਮਦਾ ਬੰਦ ਗੁਵਾਰਾ ) ਵਰਗੀਆ ਨਵੀਆ ਖੇਡਾ ਦਾ ਅਨੰਦ ਮਾਣਦੇ ਹਨ । ਲੋਕ ਪਹਾੜੀ ਪੋਸਾਕਾ,ਖਰਗੋਸ ਤੋ ਮਨਮੋਹਕ ਦ੍ਰਿਸਾ ਨਾਲ ਫੋਟੋ ਖਿਚਦੇ , ਬੱਚੇ ਖੇਡਾ ਖੇਡਦੇ ਅਤੇ ਖਾਣਿਆ ਦਾ ਲੁਤਫ ਉਠਾਉਦੇ ਹਨ। ਨਾਲ ਲਗਦੇ ਸਿਵ ਮੰਦਰ ਵਿੱਚ ਸਿਵਜੀ ਭਗਵਾਨ ਦੀ 84 ਫੁੱਟ ਉੱਚੀ ਮੂਰਤੀ ਦੀ ਵਿਲੱਖਣ ਬੁੱਤ ਤਰਾਸਣ ਕਲਾ ਵੀ ਦੇਖਣ ਯੋਗ ਹੈ।

# ਦੇਸ਼ ਵਿਚ ਖੁਰਾਕ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇ ?

**ਕਿਸੇ ਵੀ ਕਲਿਆਣਕਾਰੀ ਰਾਜ ਦਾ ਮੁਢਲਾ ਫ਼ਰਜ਼ ਆਪਣੇ ਸਾਰੇ ਨਾਗਰਿਕਾਂ ਦੀਆਂ ਮੁਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ ਅਤੇ ਸ਼ੁੱਧ ਵਾਤਾਵਰਨ ਪਰ ਬਹੁਤ ਸੁਚੱਜੇ ਢੰਗ ਨਾਲ ਪੂਰਾ ਕਰਨਾ ਹੁੰਦਾ ਹੈ। ਇਨ੍ਹਾਂ ਮੁਢਲੀਆਂ ਲੋੜਾਂ ਵਿਚੋਂ ਰੋਟੀ ਦੀ ਲੋੜ ਸਭ ਤੋਂ ਅਹਿਮ ਹੈ। ਭਾਰਤ ਐਲਾਨੀਆ ਤੌਰ 'ਤੇ ਇਕ ਕਲਿਆਣਕਾਰੀ ਰਾਜ ਹੈ ਪਰ ਇਥੋਂ ਦੇ ਸਾਰੇ ਨਾਗਰਿਕਾਂ ਦੀਆਂ ਤਮਾਮ ਮੁਢਲੀਆਂ ਲੋੜਾਂ ਦਾ ਪੂਰਾ ਹੋਣਾ ਤਾਂ ਦੂਰ ਦੀ ਗੱਲ, ਇਥੇ ਤਾਂ ਅਜੇ ਸਭ ਤੋਂ ਅਹਿਮ ਮੁਢਲੀ ਲੋੜ ਰੋਟੀ ਦੇ ਸਬੰਧ 'ਚ ਸਿਰਫ਼ ਅਨਾਜ ਸੁਰੱਖਿਆ ਦੀ ਹੀ ਗੱਲ ਚਲ ਰਹੀ ਹੈ। ਸਭਨਾਂ ਲਈ ਅਨਾਜ ਸੁਰੱਖਿਆ ਤੋਂ ਭਾਵ ਕਿਸੇ ਦੇਸ਼ ਦੇ ਸਾਰੇ ਲੋਕਾਂ ਦਾ ਹਰ ਵੇਲੇ ਇਕ ਨਰੋਈ ਅਤੇ ਤੰਦਰੁਸਤ ਜ਼ਿੰਦਗੀ ਤੱਕ ਪਹੁੰਚ ਦਾ ਹੋਣਾ ਹੁੰਦਾ ਹੈ।**

ਤਜਵੀਜ਼ਸ਼ੁਦਾ ਖੁਰਾਕ ਸੁਰੱਖਿਆ ਬਿੱਲ ਵਾਸਤੇ ਸ੍ਰੀਮਤੀ ਸੋਨੀਆ ਗਾਂਧੀ ਦੀ ਅਗਵਾਈ ਵਿਚ ਹੋਈ ਕੌਮੀ ਸਲਾਹਕਾਰ ਕੌਂਸਲ ਦੀ ਮੀਟਿੰਗ ਵਿਚ ਜਿਸ ਫਾਰਮੂਲੇ ਉੱਪਰ ਸਹਿਮਤੀ ਹੋਈ ਹੈ, ਉਸ ਅਨੁਸਾਰ ਦੇਸ਼ ਦੀ 90 ਫ਼ੀਸਦੀ ਪੇਂਡੂ ਆਬਾਦੀ ਅਤੇ 50 ਫ਼ੀਸਦੀ ਸ਼ਹਿਰੀ ਆਬਾਦੀ ਨੂੰ ਫ਼ਾਇਦਾ ਪਹੁੰਚਾਉਣ ਦੀ ਵਿਵਸਥਾ ਕਰਨ ਲਈ ਕਿਹਾ ਗਿਆ ਹੈ। ਇਹ ਆਬਾਦੀ ਸਾਰੇ ਦੇਸ਼ ਦੀ ਕੁੱਲ ਆਬਾਦੀ ਦਾ 75 ਫ਼ੀਸਦੀ ਬਣ ਜਾਂਦੀ ਹੈ। ਇਸ ਕੌਂਸਲ ਦੇ ਸੁਝਾਏ ਫ਼ਾਰਮੂਲੇ ਅਨੁਸਾਰ ਦੇਸ਼ ਦੀ ਸਾਰੀ ਆਬਾਦੀ ਨੂੰ ਤਰਜੀਹੀ ਅਤੇ ਆਮ ਦੋ ਵਰਗਾਂ ਵਿਚ ਵੰਡ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਅੰਨ ਸੁਰੱਖਿਆ ਕਾਨੂੰਨ ਦੇ ਬਣਨ ਉਪਰੰਤ ਸਸਤਾ ਅਨਾਜ ਮਿਲ ਸਕੇਗਾ। ਤਰਜੀਹੀ ਵਰਗ ਵਿਚ 46 ਫ਼ੀਸਦੀ ਪੇਂਡੂ ਅਤੇ 28 ਫ਼ੀਸਦੀ ਸ਼ਹਿਰੀ ਆਬਾਦੀ ਹੋਵੇਗੀ। ਇਸ ਆਬਾਦੀ ਨੂੰ ਹਰ ਮਹੀਨੇ 35 ਕਿੱਲੋਗ੍ਰਾਮ ਅਨਾਜ ਪ੍ਰਤੀ ਪਰਿਵਾਰ ਭਾਰੀ ਸਬਸਿਡੀ ਉੱਪਰ ਮੁਹੱਈਆ ਕਰਵਾਇਆ ਜਾਵੇਗਾ ਇਸ ਵਿਚ ਚਾਵਲ 3 ਰੁਪਏ, ਕਣਕ 2 ਰੁਪਏ ਅਤੇ ਮੋਟੇ ਅਨਾਜ 1 ਰੁਪਏ ਕਿੱਲੋਗ੍ਰਾਮ ਮਿਲਣਗੇ। ਆਮ ਵਰਗ ਵਿਚ 40 ਫ਼ੀਸਦੀ ਪੇਂਡੂ ਅਤੇ 22 ਫ਼ੀਸਦੀ ਸ਼ਹਿਰੀ ਆਬਾਦੀ ਹੋਵੇਗੀ। ਇਸ ਆਬਾਦੀ ਨੂੰ ਹਰ ਮਹੀਨੇ 20 ਕਿੱਲੋ ਅਨਾਜ ਪ੍ਰਤੀ ਪਰਿਵਾਰ, ਅਨਾਜਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ 50 ਫ਼ੀਸਦੀ ਹਿੱਸੇ ਮੁਹੱਈਆ ਕਰਵਾਇਆ ਜਾਵੇਗਾ। ਕੌਮੀ ਸਲਾਹਕਾਰ ਕੌਂਸਲ ਦੇ ਇਨ੍ਹਾਂ ਸੁਝਾਵਾਂ ਬਾਰੇ ਕੌਮੀ ਪੱਧਰ ਉੱਤੇ ਬਹਿਸ ਸ਼ੁਰੂ ਹੋ ਗਈ ਹੈ। ਇਸੇ ਕੌਂਸਲ ਦੇ ਅਰਥ-ਵਿਗਿਆਨੀ ਮੈਂਬਰਾਂ ਨੇ ਇਨ੍ਹਾਂ ਸੁਝਾਵਾਂ ਵਿਰੁੱਧ ਆਪਣਾ ਅਸਹਿਮਤੀ ਨੋਟ ਦਿੱਤਾ ਹੈ। ਉਨ੍ਹਾਂ ਅਨੁਸਾਰ ਤਰਜੀਹੀ (ਗ਼ਰੀਬੀ ਦੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰ) ਅਤੇ ਆਮ (ਗ਼ਰੀਬੀ ਦੀ ਰੇਖਾ ਤੋਂ ਉੱਪਰ ਵਾਲੇ ਪਰਿਵਾਰ) ਵਰਗਾਂ ਦੇ ਰੂਪ ਵਿਚ ਆਬਾਦੀ ਦੀ ਵੰਡ ਭੁਲੇਖਾ ਪਾਉਣ ਵਾਲੀ ਹੈ। ਇਹ ਵੰਡ ਕਾਫ਼ੀ ਹੱਦ ਤੱਕ ਫ਼ਰਜ਼ੀ ਹੈ। ਉਨ੍ਹਾਂ ਦੇ ਅਸਹਿਮਤੀ ਨੋਟ ਅਤੇ ਵਿਚਾਰਾਂ ਦੀ ਪੁਸ਼ਟੀ ਮੰਨੇ-ਪ੍ਰਮੰਨੇ ਅਰਥ-ਵਿਗਿਆਨੀ ਅਰਜਨ ਸੇਨ ਗੁਪਤਾ ਦੇ ਖੋਜ ਅਧਿਐਨ ਤੋਂ ਹੋ ਜਾਂਦੀ ਹੈ ਜਿਸ ਅਨੁਸਾਰ ਭਾਰਤ ਦੀ ਕੁੱਲ ਆਬਾਦੀ ਦੇ 77 ਫ਼ੀਸਦੀ ਹਿੱਸੇ ਦਾ ਖਪਤ ਖ਼ਰਚਾ ਪ੍ਰਤੀ ਜੀਅ ਰੋਜ਼ਾਨਾ ਸਿਰਫ਼ 20 ਰੁਪਏ ਤੱਕ ਹੀ ਹੈ। ਇਸ ਖੋਜ ਅਧਿਐਨ ਦਾ ਸਿੱਧਾ ਅਤੇ ਸਪੱਸ਼ਟ ਅਰਥ ਇਹ ਨਿਕਲਦਾ ਹੈ ਕਿ ਘੱਟੋ-ਘੱਟ ਭਾਰਤ ਦੀ 77 ਫ਼ੀਸਦੀ ਆਬਾਦੀ ਤਾਂ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਕਿਸੇ ਵੀ ਕਲਿਆਣਕਾਰੀ ਰਾਜ ਦਾ ਮੁਢਲਾ ਫ਼ਰਜ਼ ਆਪਣੇ ਸਾਰੇ ਨਾਗਰਿਕਾਂ ਦੀਆਂ ਮੁਢਲੀਆਂ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ ਅਤੇ ਸ਼ੁੱਧ ਵਾਤਾਵਰਨ ਪਰ ਬਹੁਤ ਸੁਚੱਜੇ ਢੰਗ ਨਾਲ ਪੂਰਾ ਕਰਨਾ ਹੁੰਦਾ ਹੈ। ਇਨ੍ਹਾਂ ਮੁਢਲੀਆਂ ਲੋੜਾਂ ਵਿਚੋਂ ਰੋਟੀ ਦੀ ਲੋੜ ਸਭ ਤੋਂ ਅਹਿਮ ਹੈ। ਭਾਰਤ ਐਲਾਨੀਆ ਤੌਰ 'ਤੇ ਇਕ ਕਲਿਆਣਕਾਰੀ ਰਾਜ ਹੈ ਪਰ ਇਥੋਂ ਦੇ ਸਾਰੇ ਨਾਗਰਿਕਾਂ ਦੀਆਂ ਤਮਾਮ ਮੁਢਲੀਆਂ ਲੋੜਾਂ ਦਾ ਪੂਰਾ ਹੋਣਾ ਤਾਂ ਦੂਰ ਦੀ ਗੱਲ, ਇਥੇ ਤਾਂ ਅਜੇ ਸਭ ਤੋਂ ਅਹਿਮ ਮੁਢਲੀ ਲੋੜ ਰੋਟੀ ਦੇ ਸਬੰਧ 'ਚ ਸਿਰਫ਼ ਅਨਾਜ ਸੁਰੱਖਿਆ ਦੀ ਹੀ ਗੱਲ ਚਲ ਰਹੀ ਹੈ। ਸਭਨਾਂ ਲਈ ਅਨਾਜ ਸੁਰੱਖਿਆ ਤੋਂ ਭਾਵ ਕਿਸੇ ਦੇਸ਼ ਦੇ ਸਾਰੇ ਲੋਕਾਂ ਦਾ ਹਰ ਵੇਲੇ ਇਕ ਨਰੋਈ ਅਤੇ ਤੰਦਰੁਸਤ ਜ਼ਿੰਦਗੀ ਤੱਕ ਪਹੁੰਚ ਦਾ ਹੋਣਾ ਹੁੰਦਾ ਹੈ। ਕੌਮਾਂਤਰੀ ਪੱਧਰ ਉੱਤੇ ਸਭਨਾਂ ਲਈ ਅਨਾਜ ਸੁਰੱਖਿਆ ਦੀ ਜ਼ੱਦ ਵਿਚ ਸੰਤੁਲਿਤ ਆਹਾਰ, ਸਾਫ਼ ਪੀਣਯੋਗ ਪਾਣੀ, ਸਫ਼ਾਈ ਅਤੇ ਮੁਢਲੀ ਸਿਹਤ ਸੰਭਾਲ ਪ੍ਰਤੀ ਸਰੀਰਕ, ਆਰਥਿਕ ਅਤੇ ਸਮਾਜਿਕ ਪਹੁੰਚ ਨੂੰ ਸ਼ਾਮਿਲ ਕੀਤਾ ਗਿਆ ਹੈ। ਅਜਿਹੀ ਪਰਿਭਾਸ਼ਾ ਤਹਿਤ ਮੰਡੀ ਵਿਚ ਅਨਾਜ ਦੀ ਉਪਲਬਧਤਾ, ਲੋੜੀਂਦੇ ਅਨਾਜ ਨੂੰ ਖ਼ਰੀਦਣ ਦੀ ਸ਼ਕਤੀ ਅਤੇ ਸਰੀਰ ਵਿਚ ਅਨਾਜ ਨੂੰ ਜਜ਼ਬ ਕਰਨ ਦੀ ਸਮਰੱਥਾ ਵੀ ਸ਼ਾਮਿਲ ਹੈ। ਸਭਨਾਂ ਲਈ ਅਨਾਜ ਸੁਰੱਖਿਆ ਕੇਵਲ ਬਿੱਲ ਪਾਸ ਕਰਨ ਨਾਲ ਹੀ ਯਕੀਨੀ ਨਹੀਂ ਬਣਾਈ ਜਾ ਸਕਦੀ। ਸਭਨਾਂ ਲਈ ਮੁਢਲੀ ਸਿੱਖਿਆ ਲਾਜ਼ਮੀ ਬਣਾਉਣ ਵਾਲੇ ਬਿੱਲ ਦੇ ਪਾਸ ਹੋਣ ਨਾਲ ਸਾਰਿਆਂ ਲਈ ਸਿੱਖਿਆ ਵਿਵਸਥਾ, ਸਕੂਲਾਂ ਅਤੇ ਅਧਿਆਪਕਾਂ ਦੀ ਘਾਟ ਅਤੇ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਆਮਦਨ ਦੇ ਪੱਧਰ ਦੇ ਬਹੁਤ ਨੀਵਾਂ ਹੋਣ ਕਾਰਨ ਬੇਮਾਅਨਾ ਹੋ ਰਹੀ ਹੈ। ਇਸ ਲਈ ਸਭਨਾਂ ਭਾਰਤੀਆਂ ਲਈ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਰਕਾਰ ਨੂੰ ਅਨਾਜਾਂ ਦੇ ਉਤਪਾਦਨ ਵਿਚ ਕਾਫ਼ੀ ਵਾਧਾ ਕਰਨਾ ਪਵੇਗਾ ਆਮ ਲੋਕਾਂ ਲਈ ਇਕ ਘੱਟੋ-ਘੱਟ ਮਿਆਰ ਦੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਪਵੇਗਾ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਪਵੇਗਾ। ਭਾਰਤ ਵਿਚ ਅਨਾਜ ਅਤੇ ਹੋਰ ਖੇਤੀਬਾੜੀ ਜਿਣਸਾਂ ਦਾ ਉਤਪਾਦਨ ਵਧਾਉਣ ਦੀਆਂ ਬਹੁਤ ਸੰਭਾਵਨਾਵਾਂ ਮੌਜੂਦ ਹਨ। ਇਸ ਸਬੰਧ ਵਿਚ ਖੇਤੀਬਾੜੀ ਉਤਪਾਦਾਂ ਦੀਆਂ ਘੱਟੋ-ਘੱਟ ਉਚਿਤ ਸਮਰਥਨ ਕੀਮਤਾਂ, ਭੂਮੀ ਸੁਧਾਰ, ਖੇਤੀਬਾੜੀ ਖੋਜ ਅਤੇ ਵਿਕਾਸ ਕਾਰਜ ਅਤੇ ਸਸਤੀਆਂ ਦਰਾਂ 'ਤੇ ਖੇਤੀਬਾੜੀ ਕਰਜ਼ਾ ਸਹਾਈ ਹੋ ਸਕਦਾ ਹੈ। ਸੰਨ 1964-65 ਤੋਂ ਕੁਝ ਇਕ ਪ੍ਰਮੁੱਖ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਹੁੰਦੀਆਂ ਆ ਰਹੀਆਂ ਹਨ। ਸੰਨ 1970 ਤੋਂ ਭਾਰਤ ਸਰਕਾਰ ਇਹ ਕੀਮਤਾਂ ਇਸ ਤਰ੍ਹਾਂ ਤੈਅ ਕਰਦੀ ਆ ਰਹੀ ਹੈ ਕਿ ਖੇਤੀਬਾੜੀ ਇਕ ਘਾਟੇ ਦਾ ਧੰਦਾ ਬਣ ਗਈ ਹੈ। ਇਸ ਲਈ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ, ਖੇਤੀਬਾੜੀ ਉਤਪਾਦਨ ਲਾਗਤਾਂ ਅਤੇ ਖਪਤਕਾਰ ਸੂਚਕ ਅੰਕ ਨੂੰ ਆਧਾਰ ਮੰਨ ਕੇ, ਇਸ ਤਰ੍ਹਾਂ ਤੈਅ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਖੇਤੀਬਾੜੀ ਇਕ ਲਾਹੇਵੰਦ ਧੰਦਾ ਬਣੇ, ਜਿਸ ਨਾਲ ਖੇਤੀਬਾੜੀ ਉਤਪਾਦਨ ਵਧਾਉਣ ਲਈ ਕਿਸਾਨਾਂ ਨੂੰ ਆਪਣੇ-ਆਪ ਉਤਸ਼ਾਹ ਮਿਲ ਸਕੇ। ਕਾਰਪੋਰੇਟ ਕੰਪਨੀਆਂ ਦੇ ਗਲਬੇ ਵਾਲੀ ਖੇਤੀਬਾੜੀ ਪ੍ਰਣਾਲੀ ਦੇ ਹੱਕ ਵਿਚ ਸਿੱਧਾ ਜਾਂ ਲੁਕਵਾਂ ਬੋਲਣ ਜਾਂ ਲਿਖਣ ਵਾਲੇ ਮੁਕੱਦਮ ਕਿਸਮ ਦੇ ਬੰਦੇ ਭਾਰਤ ਵਿਚ ਖੇਤੀਬਾੜੀ ਖੇਤਰ ਵਿਚੋਂ ਨਿਮਨ ਕਿਸਾਨੀ ਦੇ ਉਜਾੜੇ ਲਈ ਭੁਲੇਖਾ ਪਾਊ ਸ਼ਬਦਾਵਲੀ ਦੀ ਵਰਤੋਂ ਕਰਕੇ ਅਤੇ ਨਤੀਜਾ-ਪ੍ਰਮੁੱਖ ਅਧਿਐਨਾਂ ਦਾ ਸਹਾਰਾ ਲੈਂਦੇ ਹੋਏ ਆਪਣੀਆਂ ਦਲੀਲਾਂ ਦਿੰਦੇ ਹਨ। ਭਾਰਤ ਵਿਚ ਕੁੱਲ ਕਿਸਾਨਾਂ ਦੇ 80 ਫ਼ੀਸਦੀ ਤੋਂ ਵੱਧ ਸੀਮਾਂਤਕ (2.5 ਏਕੜ ਤੱਕ ਦੀ ਜ਼ਮੀਨ ਦੇ ਮਾਲਕ) ਅਤੇ ਛੋਟੇ (2.5 ਏਕੜ ਤੋਂ ਵੱਧ ਅਤੇ 5 ਏਕੜ ਤੱਕ ਦੀ ਜ਼ਮੀਨ ਦੇ ਮਾਲਕ) ਕਿਸਾਨ ਹਨ। ਸਾਡੇ ਦੇਸ਼ ਦੇ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਬਹੁਤ ਹੀ ਮੱਧਮ ਹੋਣ ਕਰਕੇ ਇਨ੍ਹਾਂ ਕਿਸਾਨਾਂ ਦਾ ਖੇਤੀਬਾੜੀ ਖੇਤਰ ਵਿਚੋਂ ਸੁਰੱਖਿਅਤ ਨਿਕਾਲਾ ਨਹੀਂ ਹੋ ਸਕਦਾ। ਜੇਕਰ ਕਾਰਪੋਰੇਟ ਖੇਤੀਬਾੜੀ ਪ੍ਰਣਾਲੀ ਦੇ ਸਬੰਧੀ ਸੁਝਾਵਾਂ/ਦਲੀਲਾਂ ਦੀ ਗੱਲ ਕੀਤੀ ਜਾਵੇ ਤਾਂ ਅਜਿਹੀ ਪ੍ਰਣਾਲੀ ਨਾਲ ਖੇਤੀਬਾੜੀ ਉਤਪਾਦਨ ਵਪਾਰਕ ਲੀਹਾਂ ਉੱਪਰ ਹੋਣ ਲੱਗ ਜਾਵੇਗਾ ਅਤੇ ਅਨਾਜ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਹੋ ਜਾਵੇਗਾ। ਇਸ ਲਈ ਖੇਤੀਬਾੜੀ ਉਤਪਾਦਾਂ ਦੀਆਂ ਲਾਹੇਵੰਦ ਕੀਮਤਾਂ ਦਾ ਨਿਰਧਾਰਨ ਤੇ ਨਿਮਨ ਕਿਸਾਨੀ ਦੇ ਹੱਕ ਵਿਚ ਭੂਮੀ ਸੁਧਾਰ ਹੀ, ਖੇਤੀਬਾੜੀ ਉਤਪਾਦਨ ਵਧਾਉਣ ਲਈ ਸਾਕਾਰਾਤਮਕ ਯੋਗਦਾਨ ਪਾਉਣਗੇ। ਇਸ ਸਬੰਧ ਵਿਚ ਜਾਪਾਨ ਦੇ ਭੂਮੀ ਸੁਧਾਰਾਂ ਦਾ ਕਾਮਯਾਬ ਤਜਰਬਾ ਅਤੇ ਭਾਰਤ ਦੇ ਬਹੁਤੇ ਹਿੱਸਿਆਂ ਵਿਚ ਖੇਤ ਦੇ ਆਕਾਰ ਤੇ ਖੇਤੀਬਾੜੀ ਉਤਪਾਦਕਤਾ ਦਾ ਉਲਟਾ ਆਪਸੀ ਸਬੰਧ ਇਸ ਦੀ ਠੋਸ ਗਵਾਹੀ ਭਰਦਾ ਹੈ। ਇਸ ਤੋਂ ਇਲਾਵਾ ਖੋਜ ਅਤੇ ਵਿਕਾਸ ਕਾਰਜ ਬਹੁਤ ਸਹਾਈ ਹੁੰਦੇ ਹਨ। ਭਾਰਤ ਵਿਚ ਪਿਛਲੇ ਦੋ ਦਹਾਕਿਆਂ ਤੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੱਲੋਂ ਇਨ੍ਹਾਂ ਕਾਰਜਾਂ ਲਈ ਵਿੱਤੀ ਸਹਾਇਤਾ ਬਹੁਤ ਹੀ ਘੱਟ ਕਰ ਦਿੱਤੀ ਗਈ ਹੈ। ਇਸ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਖੇਤੀਬਾੜੀ ਖੋਜ ਅਤੇ ਵਿਕਾਸ ਕਾਰਜਾਂ ਲਈ ਵਿੱਤੀ ਸਹਾਇਤਾ ਵਧਾਉਣੀ ਚਾਹੀਦੀ ਹੈ ਤਾਂ ਜੋ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਨੂੰ ਵਧਾਇਆ ਅਤੇ ਖੇਤੀਬਾੜੀ ਲਾਗਤਾਂ ਨੂੰ ਘੱਟ ਕੀਤਾ ਜਾ ਸਕੇ। ਇਸ ਤੋਂ ਬਿਨਾਂ ਡਾ: ਐਮ. ਐਸ. ਸਵਾਮੀਨਾਥਨ ਦੀ ਸਿਫ਼ਾਰਸ਼ ਅਨੁਸਾਰ ਕਿਸਾਨਾਂ ਨੂੰ 4 ਫ਼ੀਸਦੀ ਵਿਆਜ ਦੀ ਦਰ ਉੱਪਰ ਲੋੜੀਂਦੀ ਮਾਤਰਾ ਵਿਚ ਠੀਕ ਸਮੇਂ ਉੱਪਰ ਕਰਜ਼ਾ ਮੁਹੱਈਆ ਕਰਵਾਉਣ ਨਾਲ ਖੇਤੀਬਾੜੀ ਉਤਪਾਦਨ ਨੂੰ ਉਤਸ਼ਾਹ ਮਿਲੇਗਾ। ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਨਾਲ ਅਨਾਜ ਅਤੇ ਹੋਰ ਖੇਤੀਬਾੜੀ ਫ਼ਸਲਾਂ ਦੇ ਉਤਪਾਦਨ ਵਿਚ ਕਾਫ਼ੀ ਵਾਧਾ ਹੋਵੇਗਾ। ਖੇਤੀਬਾੜੀ ਦੇ ਉਤਪਾਦਨ ਦੇ ਵਾਧੇ ਦਾ ਫ਼ਾਇਦਾ ਕਿਸਾਨਾਂ ਅਤੇ ਖ਼ਪਤਕਾਰਾਂ ਤੱਕ ਪਹੁੰਚਾਉਣ ਲਈ ਜ਼ਰੂਰੀ ਹੈ ਕਿ ਮੰਡੀਆਂ ਵਿਚ ਵੱਖ-ਵੱਖ ਫ਼ਸਲਾਂ ਦੀ ਖ਼ਰੀਦ, ਪਹਿਲਾਂ ਤੋਂ ਨਿਸ਼ਚਿਤ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਜਿਹੜੀਆਂ ਕਿਸਾਨਾਂ ਲਈ ਲਾਹੇਵੰਦ ਹੋਣ, ਅਨੁਸਾਰ ਠੀਕ ਸਮੇਂ ਉੱਪਰ ਹੋਵੇ ਅਤੇ ਇਸ ਤੋਂ ਬਾਅਦ ਇਸ ਦਾ ਠੀਕ ਭੰਡਾਰੀਕਰਨ ਵੀ ਹੋਵੇ, ਨਾ ਕਿ ਇਸ ਸਾਲ ਦੀ ਤਰ੍ਹਾਂ, ਕਿਸਾਨ ਮੰਡੀਆਂ ਵਿਚ ਰੁਲਣ ਅਤੇ ਅਨਾਜ ਖਸਤਾ ਸਰਕਾਰੀ ਗੁਦਾਮਾਂ ਵਿਚ ਅਤੇ ਇਨ੍ਹਾਂ ਤੋਂ ਬਾਹਰ ਪਿਆ ਖਰਾਬ ਹੋਵੇ। ਸਭਨਾਂ ਭਾਰਤੀਆਂ ਦੀ ਅਨਾਜ ਤੱਕ ਪਹੁੰਚ ਯਕੀਨੀ ਬਣਾਉਣ ਲਈ ਸਾਡੇ ਦੇਸ਼ ਵਿਚ ਸ਼ਾਸਨ ਚਲਾ ਰਹੇ ਲੋਕ ਸਿਰਫ਼ ਆਰਥਿਕ ਵਿਕਾਸ ਦੀ ਉੱਚੀ ਦਰ ਵੱਲ ਹੀ ਨਾ ਦੇਖਣ, ਸਗੋਂ ਦੇਸ਼ ਦਾ ਆਰਥਿਕ ਵਿਕਾਸ ਇਸ ਤਰ੍ਹਾਂ ਦਾ ਯਕੀਨੀ ਬਣਾਉਣ ਜਿਸ ਨਾਲ ਕੰਮ ਕਰਨ ਵਾਲਿਆਂ ਨੂੰ ਇਕ ਘੱਟੋ-ਘੱਟ ਮਿਆਰ ਦਾ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਿਚ ਵਾਧਾ ਹੋਵੇ। ਭਾਰਤ ਵਿਚ ਗ਼ਰੀਬੀ ਰੇਖਾ ਦੀ ਤਰ੍ਹਾਂ ਅਮੀਰੀ ਰੇਖਾ ਵੀ ਤੈਅ ਕੀਤੀ ਜਾਣੀ ਚਾਹੀਦੀ ਹੈ। ਅਮੀਰੀ ਦੀ ਰੇਖਾ ਤੋਂ ਉੱਪਰਲੇ ਲੋਕਾਂ ਉੱਪਰ ਭਾਰੀ ਟੈਕਸ ਲਗਾ ਕੇ ਉਸ ਤੋਂ ਪ੍ਰਾਪਤ ਆਮਦਨ ਨਾਲ ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਸਰਕਾਰੀ ਪੂੰਜੀ ਨਿਵੇਸ਼ ਅਤੇ ਦੇਸ਼ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਸਕਦਾ ਹੈ।

# ਬੇਜੋੜ ਇਸ਼ਕ ਦਾ ਸਿੱਟਾ

ਤਬਰੇਜ ਇਲਾਹਾਬਾਦ ਦੇ ਵਿਵੇਕਾਨੰਦ ਮਾਰਗ 'ਤੇ ਚਮੇਲੀਬਾਈ ਧਰਮਸ਼ਾਲਾ ਦੇ ਕੋਲ ਸਥਿਤ ਪ੍ਰਭਾਤ ਸਿੰਘ ਦੀ ਮਸ਼ੀਨਰੀ ਪਾਰਟਸ ਦੀ ਦੁਕਾਨ 'ਤੇ ਨੌਕਰੀ ਕਰਦਾ ਸੀ। ਉਹ ਰੋਜ਼ਾਨਾ ਸਵੇਰੇ 10 ਵਜੇ ਦੇ ਕਰੀਬ ਦੁਕਾਨ ਤੇ ਪਹੁੰਚਦਾ ਤਾਂ ਕੁਝ ਦੇਰ ਬਾਅਦ ਪ੍ਰਭਾਤ ਵੀ ਉਥੇ ਪਹੁੰਚ ਜਾਂਦਾ। ਇਸ ਤੋਂ ਬਾਅਦ ਹੀ ਤਬਰੇਜ ਦੁਕਾਨ ਖੋਲ੍ਹ ਕੇ ਉਸਦੀ ਸਫ਼ਾਈ ਕਰਦਾ ਸੀ। 30 ਨਵੰਬਰ 2016 ਨੂੰ ਵੀ ਜਦੋਂ ਤਰਬੇਜ ਨਿਰਧਾਰਿਤ ਸਮੇਂ ਤੇ ਦੁਕਾਨ ਉਤੇ ਪਹੁੰਚਿਆ ਤਾਂ ਦੁਕਾਨ ਦਾ ਸ਼ਟਰ ਖੁੱਲ੍ਹਾ ਮਿਲਿਆ। ਇਹ ਦੇਖਦੇ ਹੀ ਉਸ ਦੇ ਮੂੰਹ ਤੋਂ ਨਿਕਲਿਆ, ਲੱਗਦਾ ਹੈ ਭਰਾ ਅੱਜ ਸਵੇਰੇ ਹੀ ਦੁਕਾਨ ਆ ਗਿਆ ਹੈ।

ਪਰ ਜਦੋਂ ਦੁਕਾਨ ਦੇ ਅੰਦਰ ਗਿਆ ਤਾਂ ਉਥੇ ਪ੍ਰਭਾਤ ਨਹੀਂ ਦਿੱਸਿਆ। ਉਹ ਮਨ ਵਿੱਚ ਹੀ ਬੋਲਣ ਲੱਗਿਆ, ਦੁਕਾਨ ਖੋਲ੍ਹ ਕੇ ਪਤਾ ਨਹੀਂ ਕਿੱਥੇ ਚਲਿਆ ਗਿਆ। ਦੁਕਾਨ ਦੇ ਅੰਦਰ ਭਰਿਆ ਸਮਾਨ ਕੱਢ ਕੇ ਉਸ ਨੇ ਦੁਕਾਨ ਤੋਂ ਬਾਹਰ ਲਗਾ ਦਿੱਤਾ, ਫ਼ਿਰ ਦੁਕਾਨ ਦੀ ਸਾਫ਼-ਸਫ਼ਾਈ ਕਰਕੇ ਉਹ ਦੁਕਾਨ ਵਿੱਚ ਬੈਠ ਕੇ ਪ੍ਰਭਾਤ ਦੇ ਵਾਪਸ ਪਰਤਣ ਦਾ ਇੰਤਜ਼ਾਰ ਕਰਨ ਲੱਗਿਆ। ਅੱਧਾ ਘੰਟਾ ਬੀਤ ਜਾਣ ਤੇ ਵੀ ਪ੍ਰਭਾਤ ਵਾਪਸ ਨਾ ਆਇਆ ਤਾਂ ਤਬਰੇਜ ਕੋਲ ਦੀ ਦੁਕਾਨ ਤੇ ਚਾਹ ਪੀਣ ਚਲਿਆ ਗਿਆ। ਪ੍ਰਭਾਤ ਦਾ ਜਿਹਨਾਂ-ਜਿਹਨਾਂ ਦੁਕਾਨਾਂ ਤੇ ਉਠਣਾ-ਬੈਠਣਾ ਸੀ। ਤਬਰੇਜ ਉਥੇ ਵੀ ਗਿਆ ਪਰ ਉਸਨੂੰ ਉਸਦਾ ਮਾਲਕ ਦਿਖਾਈ ਨਹੀਂ ਦਿੱਤਾ ਤਾਂ ਉਹ ਵਾਪਸ ਦੁਕਾਨ ਤੇ ਆ ਕੇ ਬੈਠ ਗਿਆ।

ਉਸੇ ਸਮੇਂ ਚਿੱਤਰਾ ਦੌੜਦੀ ਹੋਈ ਡਰੀ ਸਹਿਮੀ ਦੁਕਾਨ ਤੇ ਆਈ। ਜਿਸ ਮਕਾਨ ਵਿੱਚ ਪ੍ਰਭਾਤ ਦੀ ਦੁਕਾਨ ਸੀ, ਚਿੱਤਰਾ ਉਸੇ ਮਕਾਨ ਮਾਲਕ ਸਤਿੰਦਰ ਸਿੰਘ ਦੀ ਕੁੜੀ ਸੀ। ਉਸ ਦੇ ਨਾਲ ਉਸ ਦਾ ਚਚੇਰਾ ਭਰਾ ਗੋਲੂ ਵੀ ਸੀ। ਉਹ ਬੋਲੀ, ਤਬਰੇਜ਼ ਗੱਲ ਹੀ ਕੁਝ ਅਜਿਹੀ ਹੈ, ਆਓ ਮੇਰੇ ਨਾਲ ਖੁਦ ਹੀ ਚੱਲ ਕੇ ਦੇਖ ਲਓ।

ਕਿਸੇ ਅਣਹੋਣੀ ਦੇ ਸ਼ੰਕਾ ਦੇ ਨਾਲ ਤਬਰੇਜ ਚਿੱਤ੍ਰਾ ਅਤੇ ਗੋਲੂ ਦੇ ਪਿੱਛੇ-ਪਿੱਛੇ ਉਸਦੇ ਘਰ ਪਹੁੰਚ ਗਿਆ। ਘਰ ਦੁਕਾਨ ਦੇ ਇੱਕਦਮ ਪਿੱਛੇ ਹੀ ਸੀ। ਜਿਵੇਂ ਹੀ ਉਹ ਕਮਰੇ ਵਿੱਚ ਪਹੁੰਚਿਆ ਤਾਂ ਉਸ ਦਾ ਮਾਲਕ ਪ੍ਰਭਾਤ ਫ਼ਾਂਸੀ ਦੇ ਫ਼ੰਦੇ ਤੇ ਲਟਕਦਾ ਹੋਇਆ ਮਿਲਿਆ। ਇਹ ਦੇਖ ਕੇ ਉਸਦੀ ਚੀਖ ਨਿਕਲ ਗਈ, ਇਹ ਕਿਵੇਂ ਹੋ ਗਿਆ।

ਫ਼ਿਰ ਚਿੱਤਰਾ ਬੋਲੀ, ਪਤਾ ਨਹੀਂ, ਇਹਨਾਂ ਨੇ ਆਤਮ ਹੱਤਿਆ ਕਿਉਂ ਕਰ ਲਈ ? ਇਹਨਾਂ ਦੇ ਹੱਥ ਵਿੱਚ ਸੂਸਾਈਡ ਨੋਟ ਵੀ ਹੈ, ਤਰਬੇਜ ਤੁਸੀਂ ਇਹਨਾਂ ਦੇ ਘਰ ਵਾਲਿਆਂ ਨੂੰ ਫ਼ੋਨ ਤੇ ਜਾਣਕਾਰੀ ਦੇ ਦਿਓ ਉਦੋਂ ਹੀ ਚਿੱਤਰਾ ਬੋਲੀ, ਪਤਾ ਨਹੀਂ, ਇਹਨਾਂ ਨੇ ਆਤਮ ਹੱਤਿਆ ਕਿਉਂ ਕਰ ਲਈ। ਤਬਰੇਜ ਨੇ ਤੁਰੰਤ ਆਪਣੇ ਮੋਬਾਇਲ ਤੇ ਪ੍ਰਭਾਤ ਦੇ ਪਿਤਾ ਵੀਰੇਂਦਰ ਪ੍ਰਤਾਪ ਸਿੰਘ ਨੂੰ ਫ਼ੋਨ ਕਰਕੇ ਉਸਦੀ ਆਤਮ ਹੱਤਿਆ ਦੀ ਜਾਣਕਾਰੀ ਦਿੱਤੀ। ਪ੍ਰਭਾਤ ਦਾ ਘਰ ਉਥੋਂ ਕੁਝ ਹੀ ਦੂਰੀ ਤੇ ਸੀ, ਇਸ ਕਰਕੇ ਥੋੜ੍ਹੀ ਹੀ ਦੇਰ ਵਿੱਚ ਵੀਰੇਂਦਰ ਪ੍ਰਤਾਪ ਸਿੰਘ ਆਪਣੇ ਘਰ ਵਾਲਿਆਂ ਅਤੇ ਪੜੌਸੀਆਂ ਦੇ ਨਾਲ ਉਥੇ ਪਹੁੰਚ ਗਏ। ਹੁਣ ਤੱਕ ਉਥੇ ਕਾਫ਼ੀ ਭੀੜ ਇਕੱਠੀ ਹੋ ਚੁੱਕੀ ਸੀ।

ਖਬਰ ਮਿਲਣ ਤੇ ਅਨੇਕਾਂ ਵਪਾਰੀ ਵੀ ਆ ਪਹੁੰਚੇ। ਘਰ ਦੇ ਜਵਾਨ ਆਦਮੀ ਦੀ ਮੌਤ ਤੇ ਘਰ ਵਾਲੇ ਰੋ ਰਹੇ ਸਨ। ਕਿਸੇ ਨੇ ਸੂਚਨਾ ਪੁਲਿਸ ਨੂੰ ਵੀ ਦੇ ਦਿੱਤੀ। ਪੁਲਿਸ 10 ਮਿੰਟ ਵਿੱਚ ਹੀ ਘਟਨਾ ਸਥਾਨ ਤੇ ਪਹੁੰਚ ਗਈ। ਹੁਣ ਤੱਕ ਸਤਿੰਦਰ ਸਿੰਘ ਦੇ ਮਕਾਨ ਦੇ ਬਾਹਰ ਭਾਰੀ ਭੀੜ ਇਕੱਠੀ ਹੋ ਗਈ ਸੀ। ਜਿਸ ਕਰਕੇ ਸੜਕ ਤੇ ਭੀੜ ਹੋ ਗਈ ਸੀ। ਪੁਲਿਸ ਨੇ ਫ਼ਾਂਸੀ ਤੇ ਲਟਕੇ ਪ੍ਰਭਾਤ ਸਿੰਘ ਦੀ ਲਾਸ਼ ਹੇਠਾਂ ਉਤਾਰੀ। ਉਸ ਦੀ ਮੌਤ ਹੋ ਚੁੱਕੀ ਸੀ। ਲਾਸ਼ ਦੀ ਬਰੀਕੀ ਨਾਲ ਜਾਂਚ ਕੀਤੀ ਤਾਂ ਪਹਿਲੀ ਹੀ ਨਜ਼ਰ ਵਿੱਚ ਮਾਮਲਾ ਸ਼ੱਕੀ ਨਜ਼ਰ ਆਇਆ। ਪ੍ਰਭਾਤ ਦੇ ਸਿਰ ਅਤੇ ਸਰੀਰ ਤੇ ਸੱਟਾਂ ਦੇ ਨਿਸ਼ਾਨ ਸਨ। ਇਹ ਦੇਖ ਕੇ ਪ੍ਰਭਾਤ ਦੇ ਘਰ ਵਾਲੇ ਅਤੇ ਹੋਰ ਵਪਾਰੀ ਹੰਗਾਮਾ ਕਰਨ ਲੱਗੀ। ਉਹਨਾਂ ਦਾ ਦੋਸ਼ ਸੀ ਕਿ ਪ੍ਰਭਾਤ ਦੀ ਹੱਤਿਆ ਕਰਨ ਤੋਂ ਬਾਅਦ ਉਸਨੂੰ ਫ਼ਾਂਸੀ ਤੇ ਲਟਕਾਇਆ ਗਿਆ ਹੈ। ਜਿਸ ਕਾਰਨ ਮਾਮਲਾ ਆਤਮ ਹੱਤਿਆ ਦਾ ਨਹੀਂ ਬਲਕਿ ਹੱਤਿਆ ਦਾ ਸੀ। ਉਸ ਦੇ ਹੱਥਾਂ ਵਿੱਚ 2 ਪੇਜਾਂ ਦਾ ਇਕ ਸੂਸਾਈਡ ਨੋਟ ਵੀ ਸੀ। ਉਸ ਸੂਸਾਈਡ ਨੋਟ ਵਿੱਚ ਇਕ ਲੜਕੀ ਨਾਲ ਪ੍ਰੇਮ ਸਬੰਧ ਅਤੇ ਬੇਵਫ਼ਾਈ ਦਾ ਜ਼ਿਕਰ ਸੀ। ਪ੍ਰਭਤਾਤ ਅਤੇ ਉਸ ਦੀ ਕਥਿਤ ਪ੍ਰੇਮਿਕਾ ਦਾ ਕਿੰਨਾ ਪੁਰਾਣਾ ਰਿਸ਼ਤਾ ਸੀ, ਇਯ ਗੱਲ ਦਾ ਵਰਣਨ ਵੀ ਨੋਟ ਵਿੱਚ ਕੀਤਾ ਗਿਆ ਸੀ। ਸੂਸਾਈਡ ਨੋਟ ਵਿੱਚ ਕਿੰਨੀ ਸਚਾਈ ਹੈ, ਇਹ ਗੱਲ ਜਾਂਚ ਤੋਂ ਬਾਅਦ ਪਤਾ ਲੱਗਣੀ ਸੀ।

ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਸਿੱਧੇ ਤੌਰ ਤੇ ਦੁਕਾਨ ਮਾਲਕ ਸਤਿੰਦਰ ਸਿੰਘ ਦੀ ਲੜਕੀ ਚਿੱਤਰਾ ਸਿੰਘ ਤੇ ਦੋਸ਼ ਲਗਾਇਆ ਕਿ ਉਸ ਨੇ ਹੀ ਆਪਣੇ ਸਹਿਯੋਗੀਆਂ ਦੇ ਨਾਲ ਮਿਲ ਕੇ ਪ੍ਰਭਾਤ ਦੀ ਹੱਤਿਆ ਕੀਤੀ ਹੈ। ਫ਼ੋਰੈਂਸਿਕ ਟੀਮ ਵੀ ਘਟਨਾ ਸਥਾਨ ਤੇ ਆ ਗਈ। ਲਾਸ਼ ਪੋਸਟ ਮਾਰਟਮ ਲਈ ਭਿਜਵਾਈ ਗਈ। ਉਸ ਦੇ ਭਰਾ ਪ੍ਰਦੀਪ ਦੀ ਤਹਿਰੀਰ ਤੇ ਮੁਕੱਦਮਾ ਦਰਜ ਕੀਤਾ ਗਿਆ। ਪੋਸਟ ਮਾਰਟਮ ਤੋਂ ਬਾਅਦ ਸ਼ਾਮ ਨੂੰ ਜਦੋਂ ਪੁਲਿਸ ਨੂੰ ਰਿਪੋਰਟ ਮਿਲੀ ਤਾਂ ਉਸ ਵਿੱਚ ਵੀ ਦੱਸਿਆ ਗਿਆ ਕਿ ਪ੍ਰਭਾਤ ਦੇ ਸਿਰ ਤੇ ਲੋਹੇ ਦੀ ਰਾਡ ਵਰਗੀ ਕਿਸੇ ਚੀਜ਼ ਨਾਲ ਵਾਰ ਕੀਤਾ ਗਿਆ ਹੈ, ਜਿਸ ਕਾਰਨ ਉਸਦੀ ਮੌਤ ਹੋਈ ਹੈ।

ਮਕਾਨ ਮਾਲਕ ਸਤਿੰਦਰ ਸਿੰਘ ਘਟਨਾ ਤੋਂ ਇਕ ਦੋ ਦਿਨ ਪਹਿਲਾਂ ਆਪਣੀ ਪਤਨੀ ਰਾਸ਼ੀ ਦੇ ਨਾਲ ਪ੍ਰਤਾਪਗੜ੍ਹ ਚਲਿਆ ਗਿਆ ਸੀ। ਉਥੇ ਉਹਨਾਂ ਦੇ ਕਿਸੇ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ। ਘਰੇ ਉਹਨਾਂ ਦੀ ਬੇਟੀ ਚਿੱਤਰਾ ਅਤੇ ਉਸ ਦਾ ਚਚੇਰਾ ਭਰਾ ਕੌਸ਼ਿਕ ਉਰਫ਼ ਗੋਲੂ ਮੌਜੂਦ ਸੀ।

ਪੁਲਿਸ ਨੇ ਚਿੱਤਰਾ ਸਿੰਘ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਖੁਦ ਨੂੰ ਨਿਰਦੋਸ਼ ਦੱਸਦੇ ਹੋਏ ਕਿਹਾ ਕਿ ਪ੍ਰਭਾਤ ਸਿੰਘ ਦਾ ਉਸ ਦੇ ਪ੍ਰਤੀ ਇੱਕਪਾਸੜ ਪਿਆਰ ਸੀ। ਉਹ ਮੇਰੇ ਤੋਂ ਉਮਰ ਵਿੱਚ ਦੁੱਗਣਾ ਵੱਡਾ ਸੀ। ਭਲਾਂ ਮੈਂ ਉਸਨੂੰ ਕਿਵੇਂ ਪਿਆਰ ਕਰਦੀ। ਮੇਰਾ ਉਸ ਦੀ ਹੱਤਿਆ ਜਾਂ ਆਤਮ ਹੱਤਿਆ ਨਾਲ ਕੋਈ ਵਾਸਤਾ ਨਹੀਂ ਹੈ।

ਉਸਨੇ ਦੱਸਿਆ ਕਿ ਮੈਂ ਰੋਜ਼ ਸਵੇਰੇ ਨਹਾਉਣ ਤੋਂ ਬਾਅਦ ਪੂਜਾ ਕਰਦੀ ਹਾਂ। ਬੁੱਧਵਾਰ ਨੂੰ ਵੀ ਰੋਜ਼ਾਨਾ ਵਾਂਗ ਨਹਾਉਣ ਤੋਂ ਬਾਅਦ ਮੈਂ ਪੂਜਾ ਕਰਨ ਚਲੀ ਗਈ। ਪੂਜਾ ਤੋਂ ਬਾਅਦ ਮੈਂ ਬਾਕੋਨੀ ਤੋਂ ਹੇਠਾਂ ਵੱਲ ਦੇਖਿਆ ਤਾਂ ਹੇਠਾਂ ਪ੍ਰਭਾਤ ਦੀ ਕਾਰ ਦਿੱਸੀ। ਮੈਂ ਇਹ ਸੋਚਦੇ ਹੋਏ ਪੌੜੀਆਂ ਤੋਂ ਹੇਠਾਂ ਉਤਰੀ ਕਿ ਪ੍ਰਭਾਤ ਅੱਜ ਦੁਕਾਨ ਤੇ ਇੰਨੀ ਜਲਦੀ ਕਿਵੇਂ ਆ ਗਿਆ। ਉਦੋਂ ਹੀ ਦੇਖਿਆ ਕਿ ਉਹ ਸਾਡੀ ਰਸੋਈ ਦੇ ਨੇੜੇ ਵਾਲੇ ਕਮਰੇ ਵਿੱਚ ਲਟਕਿਆ ਹੋਇਆ ਸੀ। ਮੈਂ ਸਮਝ ਨਹੀਂ ਸਕੀ ਕਿ ਇਹ ਕੰਮ ਕਰਨ ਦੇ ਲਈ ਉਸ ਨੇ ਮੇਰਾ ਘਰ ਹੀ ਕਿਉਂ ਚੁਣਿਆ ?

ਪੁਲਿਸ ਨੂੰ ਲੱਗ ਰਿਹਾ ਸੀ ਕਿ ਇਹ ਝੂਠ ਬੋਲ ਰਹੀ ਹੈ, ਇਸ ਕਰਕੇ ਉਸ ਅਤੇ ਉਸਦੇ ਚਚੇਰੇ ਭਰਾ ਗੋਲੂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਦੋਵਾਂ ਨੇ ਆਪਣਾ ਜੁਰਮ ਕਬੂਲ ਲਿਆ। ਉਹਨਾਂ ਨੇ ਕਿਹਾ ਕਿ ਪ੍ਰਭਾਤ ਦੀ ਹੱਤਿਆ ਕਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ ਪਰ ਹਾਲਾਤ ਅਜਿਹੇ ਬਣ ਗਏ, ਜਿਸ ਕਾਰਨ ਉਸ ਦਾ ਕਤਲ ਹੋ ਗਿਆ।

ਪ੍ਰਭਾਤ ਸਿੰਘ ਇਲਾਹਾਬਾਦ ਸ਼ਹਿਰ ਦੇ ਕੀੜਗੰਜ ਥਾਣਾ ਖੇਤਰ ਅਧੀਨ ਕ੍ਰਿਸ਼ਨਾ ਨਗਰ ਨਿਵਾਸੀ ਵੀਰੇਂਦਰ ਪ੍ਰਤਾਪ ਸਿੰਘ ਦਾ ਮੁੰਡਾ ਸੀ। ਕਾਰੋਬਾਰੀ ਵੀਰੇਂਦਰ ਪ੍ਰਤਾਪ ਸਿੰਘ ਦੇ 4 ਮੁੰਡੇ ਅਤੇ ਇਕ ਲੜਕੀ ਸੀ। ਉਹਨਾਂ ਦੀ ਪਤਨੀ ਕਨਕਲਤਾ ਦਾ ਦੇਹਾਂਤ ਹੋ ਗਿਆ ਸੀ। ਮੰਗਲੀਕ ਹੋਣ ਕਾਰਨ ਪ੍ਰਭਾਤ ਦਾ ਵਿਆਹ ਨਹੀਂ ਹੋਇਆ ਸੀ।

ਵੀਰੇਂਦਰ ਪ੍ਰਤਾਪ ਸਿੰਘ ਦਾ ਇਕ ਦੋਸਤ ਸੀ ਸਤਿੰਦਰ ਸਿੰਘ, ਜੋ ਪ੍ਰਤਾਪਗੜ੍ਹ ਵਿੱਚ ਇਕ ਸਰਕਾਰੀ ਮੁਲਾਜ਼ਮ ਸੀ। ਕੋਤਵਾਲੀ ਥਾਣਾ ਖੇਤਰ ਦੇ ਵਿਵੇਕਾਨੰਦ ਮਾਰਗ ਤੇ ਰਹਿੰਦਾ ਸੀ। ਵੀਰੇਂਦਰ ਨੇ ਸੰਨ 2003 ਵਿੱਚ ਉਹਨਾਂ ਦੀ ਇਕ ਦੁਕਾਨ ਕਿਰਾਏ ਤੇ ਲਈ ਸੀ। ਜਿੱਥੇ ਉਸ ਨੇ ਬੰਧੂ ਟਰੇਡਰਜ਼ ਨਾਂ ਦੀ ਮਸ਼ੀਨਰੀ ਪਾਰਟਸ ਦੀ ਦੁਕਾਨ ਖੋਲ੍ਹੀ। ਉਸਦੀ ਦੁਕਾਨ ਪ੍ਰਭਾਤ ਸੰਭਾਲਦਾ ਸੀ। ਦੋਸਤੀ ਦੇ ਨਾਤੇ ਸਤਿੰਦਰ ਉਹਨਾਂ ਤੋਂ ਦੁਕਾਨ ਦਾ ਕਿਰਾਇਆ ਨਹੀਂ ਲੈਂਦਾ ਸੀ। ਪ੍ਰਭਾਤ ਦਾ ਸਤਿੰਦਰ ਸਿੰਘ ਦੇ ਘਰ ਵਿੱਚ ਖੂਬ ਆਉਣਾ-ਜਾਣਾ ਸੀ। ਦੁਕਾਨ ਦੇ ਪਿੱਛੇ ਹੀ ਸਤਿੰਦਰ ਦੀ ਰਿਹਾਇਸ਼ ਸੀ। ਉ ?ਹਨਾਂ ਦੀ ਲੜਕੀ ਚਿੱਤਰਾ ਸੀ। ਘਰ ਵਿੱਚ ਆਉਣ ਜਾਣ ਦੇ ਕਾਰਨ ਉਹਨਾਂ ਦੋਵਾਂ ਵਿੱਚਕਾਰ ਪ੍ਰੇਮ ਸਬੰਧ ਸਥਾਪਤ ਹੋ ਗਏ। ਉਸ ਸਮੇਂ ਪ੍ਰਭਾਤ ਦੀ ਉਮਰ 36 ਸਾਲ ਅਤੇ ਚਿੱਤਰਾ ਦੀ 16 ਸਾਲ ਸੀ। ਕੁਝ ਦਿਨਾਂ ਬਾਅਦ ਹੀ ਉਹਨਾਂ ਦੇ ਸਬੰਧਾਂ ਦੀ ਖਬਰ ਉਹਨਾਂ ਦੇ ਘਰ ਵਾਲਿਆਂ ਨੂੰ ਲੱਗ ਗਈ। ਘਰ ਵਾਲਿਆਂ ਨੇ ਸਮਝਾਇਆ ਪਰ ਕੋਈ ਅਸਰ ਨਾ ਹੋਇਆ, ਬਲਕਿ ਉਹਨਾਂ ਦਾ ਪਿਆਰ ਪਰਵਾਨ ਚੜ੍ਹਨ ਲੱਗਿਆ। ਦੋਵਾਂ ਦੀ ਉਮਰ ਵਿੱਚ ਕਾਫ਼ੀ ਅੰਤਰ ਸੀ ਪਰ ਪਿਆਰ ਦਾ ਭੂਤ ਜਿਸ ਦੇ ਸਿਰ ਤੇ ਸਵਾਰ ਹੋ ਜਾਂਦਾ ਹੈ। ਫ਼ਿਰ ਉਤਰਨਾ ਮੁਸ਼ਕਿਲ ਹੋ ਜਾਂਦਾ ਹੈ।

# ਅਸਫਲ ਹੋਏ ਸਭ ਆਣ ਮਿਲੋ !

ਕੋਈ ਸਫਲਤਾ ਸੰਪੂਰਨ ਨਹੀਂ ਹੁੰਦੀ ਅਤੇ ਕੋਈ ਅਸਫਲਤਾ ਅੰਤਿਮ ਨਹੀਂ ਹੁੰਦੀ। ਹਰੇਕ ਸਫਲ ਵਿਅਕਤੀ ਪਿੱਛੇ ਅਸਫਲਤਾ ਦੇ ਕਈ ਵਰ੍ਹੇ ਹੁੰਦੇ ਹਨ। ਅਸਲ ਵਿੱਚ ਕੋਈ ਅਸਫਲ ਉਦੋਂ ਹੁੰਦਾ ਹੈ ਜਦੋਂ ਉਹ ਆਪਣੀ ਅਸਫਲਤਾ ਦਾ ਦੋਸ਼ ਹੋਰਾਂ 'ਤੇ ਲਾਉਂਦਾ ਹੈ। ਸਫਲ ਹੋਣ ਲਈ ਸਫਲ ਹੋਣ ਵਾਲੀਆਂ ਆਦਤਾਂ ਅਪਨਾਉਣੀਆਂ ਪੈਣਗੀਆਂ। ਅਸਫਲਤਾ ਤੋਂ ਅਸੀਂ ਸਫਲ ਹੋਣ ਦੀ ਸਿਖਲਾਈ ਲੈਂਦੇ ਹਾਂ। ਜਿਹੜੀ ਟੀਮ ਹਾਰਦੀ ਨਹੀਂ, ਉਹ ਕਦੇ ਵੱਡੀ ਅਤੇ ਮਾਣਯੋਗ ਜਿੱਤ ਵੀ ਪ੍ਰਾਪਤ ਨਹੀਂ ਕਰਦੀ। ਜਿਹੜਾ ਸ਼ਤਰੰਜ ਵਿੱਚ ਮਾਤ ਨਹੀਂ ਖਾਂਦਾ, ਉਹ ਸ਼ਤਰੰਜ ਸਿੱਖਦਾ ਵੀ ਨਹੀਂ। ਜਦੋਂ ਤਕ ਅਸਫਲਤਾ ਦਾ ਕੌੜਾ ਸੁਆਦ ਨਾ ਚੱਖਿਆ ਜਾਵੇ, ਅਸੀਂ ਸਫਲਤਾ ਦਾ ਮਾਖਿਓਂ ਵੀ ਨਹੀਂ ਮਾਣਦੇ। ਜਿਹੜੇ ਸਫਲ ਹੋ ਜਾਂਦੇ ਹਨ, ਉਹ ਨਿਚੋੜਦੇ ਨਿੰਬੂ ਹਨ; ਪਰ ਰਸ ਅੰਗੂਰਾਂ ਦਾ ਨਿਕਲਦਾ ਹੈ। ਸਫਲਤਾ-ਅਸਫਲਤਾ ਇੱਕ-ਦੂਜੇ ਦੀਆਂ ਵਿਰੋਧੀਆਂ ਸਥਿਤੀਆਂ ਨਹੀਂ ਸਗੋਂ ਇੱਕ-ਦੂਜੇ ਦੀਆਂ ਪੂਰਕ ਸਥਿਤੀਆਂ ਹਨ। ਸਾਨੂੰ ਅਜਿਹੇ ਸਮਾਜ ਦੀ ਲੋੜ ਹੈ ਜਿਹੜਾ ਅਸਫਲਤਾ ਨੂੰ ਖਿੜੇ ਮੱਥੇ ਬਰਦਾਸ਼ਤ ਕਰੇ। ਸੰਸਾਰ ਦੇ ਖੁਸ਼ਹਾਲ ਦੇਸ਼ਾਂ ਵਿੱਚ ਅਜਿਹੇ ਸਮਾਜ ਹਨ। ਅਕਸਰ ਅਸਫਲਤਾ ਦਾ ਕਾਰਨ ਇਹ ਹੁੰਦਾ ਹੈ ਕਿ ਕੁਝ ਲਾਜ਼ਮੀ ਅਤੇ ਮਹੱਤਵਪੂਰਨ ਕਰਨਾ ਰਹਿ ਗਿਆ ਹੁੰਦਾ ਹੈ। ਜਰਮਨ ਲੋਕ ਕੁੱਤਿਆਂ ਦੇ ਸ਼ੌਕੀਨ ਹਨ। ਇੱਕ ਵੱਡੀ ਕੰਪਨੀ ਨੇ ਕੁੱਤਿਆਂ ਲਈ ਪੌਸ਼ਟਿਕ ਬਿਸਕੁਟ ਬਣਾਉਣੇ ਸ਼ੁਰੂ ਕੀਤੇ। ਖ਼ੂਬ ਇਸ਼ਤਿਹਾਰਬਾਜ਼ੀ ਕੀਤੀ। ਬਿਸਕੁਟਾਂ ਲਈ ਵਧੀਆ ਡੱਬੇ ਬਣਾਏ। ਮੁੱਢ ਵਿੱਚ ਬਿਸਕੁਟ ਵਿਕੇ, ਪਰ ਲਗਪਗ ਛੇ ਮਹੀਨੇ ਮਗਰੋਂ ਵਿਕਰੀ ਹੋਣੀ ਬੰਦ ਹੋ ਗਈ। ਮਾਲਕਾਂ ਨੇ ਕੰਪਨੀ ਦੇ ਥੋਕ ਏਜੰਟ ਬੁਲਾ ਕੇ ਕਾਰਨ ਜਾਣਨ ਦਾ ਯਤਨ ਕੀਤਾ। ਜਦੋਂ ਵਾਰ ਵਾਰ ਪੁੱਛਿਆ ਗਿਆ ਕਿ ਬਿਸਕੁਟ ਕਿਉਂ ਨਹੀਂ ਵਿਕਦੇ ਤਾਂ ਇੱਕ ਏਜੰਟ ਨੇ ਸੱਚ ਬੋਲਦਿਆਂ ਕਿਹਾ, "ਇਨ੍ਹਾਂ ਬਿਸਕੁਟਾਂ ਨੂੰ ਕੁੱਤੇ ਪਸੰਦ ਨਹੀਂ ਕਰਦੇ, ਉਹ ਖਾਂਦੇ ਨਹੀਂ।" ਕੰਪਨੀ ਨੇ ਸਭ ਕੁਝ ਕਰ ਲਿਆ ਸੀ, ਪਰ ਕੁੱਤਿਆਂ ਦੀ ਪਸੰਦ ਜਾਣਨ ਦਾ ਲਾਜ਼ਮੀ ਭਾਗ ਨਜ਼ਰਅੰਦਾਜ਼ ਕਰ ਦਿੱਤਾ ਸੀ।

ਮਾਖੌਲ ਉਡਾਏ ਜਾਣ ਦਾ ਡਰ, ਅਯੋਗਤਾ ਪ੍ਰਗਟ ਹੋਣ ਦੀ ਸ਼ਰਮ, ਘਾਟੇ ਦਾ ਸਹਿਮ ਆਦਿ ਹਾਲਤਾਂ ਸਾਨੂੰ ਕੁਝ ਨਵਾਂ ਕਰਨ ਨਹੀਂ ਦਿੰਦੀਆਂ। ਵਿਗਿਆਨੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਦੇ ਹਨ, ਪ੍ਰਯੋਗ ਫੇਲ੍ਹ ਹੁੰਦੇ ਰਹਿੰਦੇ ਹਨ; ਪਰ ਵਿਗਿਆਨੀ ਪ੍ਰਯੋਗ ਕਰਨੇ ਜਾਰੀ ਰੱਖਦੇ ਹਨ ਅਤੇ ਇੱਕ ਦਿਨ ਅਚਾਨਕ ਉਨ੍ਹਾਂ ਦਾ ਪ੍ਰਯੋਗ ਸਫਲ ਹੋ ਜਾਂਦਾ ਹੈ। ਇਹ ਲੇਖ ਉਨ੍ਹਾਂ ਲਈ ਹੈ ਜਿਹੜੇ ਕਦੇ ਸਫਲ ਨਹੀਂ ਹੋਏ, ਉਨ੍ਹਾਂ ਵਾਸਤੇ ਹੈ ਜਿਨ੍ਹਾਂ ਦੀ ਕੋਈ ਇੱਛਾ ਪੂਰੀ ਨਹੀਂ ਹੋਈ, ਜਿਹੜੇ ਚੱਲੇ ਬਹੁਤ ਪਰ ਪਹੁੰਚੇ ਕਿਧਰੇ ਨਹੀਂ, ਉਨ੍ਹਾਂ ਲਈ ਹੈ ਜਿਨ੍ਹਾਂ ਨੂੰ ਅਵਸਰ ਮਿਲਦੇ-ਮਿਲਦੇ ਗਵਾਚ ਗਏ, ਜਿਨ੍ਹਾਂ ਨੂੰ ਕਿਸੇ ਨੇ ਪਿਆਰ ਨਹੀਂ ਕੀਤਾ, ਜਿਹੜੇ ਜਿੱਤ ਕੇ ਵੀ ਹਾਰ ਗਏ, ਉਨ੍ਹਾਂ ਲਈ ਜਿਨ੍ਹਾਂ ਨੂੰ ਝਾੜਾਂ ਸਭ ਨੇ ਪਾਈਆਂ ਤੇ ਸ਼ਾਬਾਸ਼ ਕਿਸੇ ਨੇ ਨਹੀਂ ਦਿੱਤੀ, ਉਨ੍ਹਾਂ ਲਈ ਜਿਨ੍ਹਾਂ ਦੀ ਕਦੇ ਵਾਰੀ ਹੀ ਨਹੀਂ ਆਈ। ਇਨ੍ਹਾਂ ਨੂੰ ਸਮਝਣ ਦੀ ਲੋੜ ਹੈ ਕਿ ਉਡੀਕਾਂ ਅਤੇ ਅਰਦਾਸਾਂ ਨਾਲ ਕੁਝ ਨਹੀਂ ਬਣਦਾ। ਇਹ ਸੰਸਾਰ ਸਿਰਫ਼ ਜੇਤੂਆਂ ਨੂੰ ਪਛਾਣਦਾ ਅਤੇ ਅਪਨਾਉਂਦਾ ਹੈ। ਉਹ ਨਹੀਂ ਜਿੱਤਦਾ, ਜਿਸ ਵੱਲ ਰੱਬ ਹੁੰਦਾ ਹੈ। ਜਿਹੜਾ ਜਿੱਤਦਾ ਹੈ, ਰੱਬ ਉਸ ਵੱਲ ਹੋ ਜਾਂਦਾ ਹੈ। ਅਸਫਲ ਹੋਣ ਵਾਲੇ ਅਕਸਰ ਸੁਪਨੇ ਵਧੇਰੇ ਵੇਖਦੇ ਹਨ, ਕਾਰਜ ਘੱਟ ਕਰਦੇ ਹਨ, ਅਵਿਗਿਆਨਕ ਢੰਗ ਅਪਨਾਉਂਦੇ ਹਨ ਅਤੇ ਪਈ ਹੋਈ ਲੀਹ 'ਤੇ ਟੁਰਦੇ ਹਨ। ਅਸਲ ਵਿੱਚ ਉਦੇਸ਼ਹੀਣ ਵਿਅਕਤੀ ਅਸਫਲ ਹੁੰਦੇ ਹਨ, ਕਿਸੇ ਦੇ ਉਦੇਸ਼ ਦੀ ਨਕਲ ਮਾਰ ਕੇ ਸਫਲ ਹੋਣਾ ਚਾਹੁੰਦੇ ਹਨ, ਆਪਣੀ ਯੋਗਤਾ-ਸਮਰੱਥਾ ਨਾਲੋਂ ਵੱਡੀ ਛਾਲ ਮਾਰਦੇ ਹਨ। ਤੁਹਾਡਾ ਉਦੇਸ਼ ਤੁਹਾਡਾ ਉਦੇਸ਼ ਹੋਣਾ ਚਾਹੀਦਾ ਹੈ। ਭਵਿੱਖ ਵਿੱਚ ਸਫਲ ਹੋਣ ਲਈ ਭਵਿੱਖ ਵਿੱਚ ਯਤਨ ਕਰਨੇ ਪੈਣਗੇ।

ਅਸਫਲ ਹਰ ਕੋਈ ਹੁੰਦਾ ਹੈ, ਪਰ ਲੱਗਦਾ ਇੰਜ ਹੈ ਜਿਵੇਂ ਅਸੀਂ ਹਰ ਵਾਰੀ ਅਸਫਲ ਹੁੰਦੇ ਹਾਂ ਅਤੇ ਦੂਜੇ ਹਰ ਵਾਰੀ ਸਫਲ ਹੀ ਹੁੰਦੇ ਹਨ। ਅਜੋਕੀਆਂ ਵੱਡੀਆਂ ਕੰਪਨੀਆਂ ਹੁਣ ਉਨ੍ਹਾਂ ਨੂੰ ਭਰਤੀ ਕਰਨ ਵਿੱਚ ਦਿਲਚਸਪੀ ਲੈ ਰਹੀਆਂ ਹਨ ਜਿਨ੍ਹਾਂ ਦੀਆਂ ਆਪਣੀਆਂ ਕੰਪਨੀਆਂ ਫੇਲ੍ਹ ਹੋਈਆਂ ਸਨ। ਅਸਫਲਤਾ ਦੇ ਦੂਜੇ ਸਿਰੇ 'ਤੇ ਸਫਲਤਾ ਖਲੋਤੀ ਹੁੰਦੀ ਹੈ। ਪ੍ਰੀਖਿਆਵਾਂ ਵਿੱਚ ਅੱਵਲ ਆਉਣ ਵਾਲੇ ਹੁਣ ਲਾਇਕ ਨਹੀਂ ਸਮਝੇ ਜਾਂਦੇ ਕਿਉਂਕਿ ਉਨ੍ਹਾਂ ਕੋਲ ਸਿਧਾਂਤਕ ਗਿਆਨ ਭਾਵੇਂ ਹੁੰਦਾ ਹੈ, ਪਰ ਵਿਹਾਰਕ ਅਨੁਭਵ ਨਹੀਂ ਹੁੰਦਾ ਕਿਉਂ ਜੋ ਉਹ ਅਸਫਲ ਨਹੀਂ ਹੋਏ ਹੁੰਦੇ। ਗ਼ਲਤੀਆਂ ਕੀਤੀਆਂ ਨਹੀਂ ਜਾਂਦੀਆਂ, ਹੋ ਜਾਂਦੀਆਂ ਹਨ। ਗ਼ਲਤੀਆਂ ਸਬਕ ਸਿੱਖਣ ਲਈ ਹੁੰਦੀਆਂ ਹਨ। ਸੰਸਾਰ ਵਿੱਚ ਵਧੇਰੇ ਗ਼ਲਤੀਆਂ ਸਫਲ ਵਿਅਕਤੀਆਂ ਨੇ ਕੀਤੀਆਂ ਹਨ। ਜਿੱਥੇ ਗ਼ਲਤੀਆਂ ਕਰਨ ਦੀ ਆਗਿਆ ਨਹੀਂ ਹੁੰਦੀ, ਉੱਥੇ ਵਿਕਾਸ ਵੀ ਨਹੀਂ ਵਾਪਰਦਾ। ਜਿਨ੍ਹਾਂ ਸੰਸਥਾਵਾਂ ਵਿੱਚ ਅਨੁਸ਼ਾਸਨ ਸਖ਼ਤ ਹੁੰਦਾ ਹੈ, ਉੱਥੇ ਕੁਝ ਨਵਾਂ ਨਹੀਂ ਵਾਪਰਦਾ।

ਬਹੁਤੇ ਲੋਕਾਂ ਦੀ ਜੀਵਨ ਵਿੱਚ ਅਸਫਲਤਾ ਸਿੱਖਿਆ ਸੰਸਥਾਵਾਂ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ। ਸਾਡੀਆਂ ਵਿੱਦਿਅਕ ਸੰਸਥਾਵਾਂ ਵਿੱਚ ਸਮਝਣ ਦੀ ਥਾਂ ਰੱਟਾ ਲਾਉਣ ਦੀ ਪ੍ਰਵਿਰਤੀ ਪ੍ਰਧਾਨ ਹੈ। ਕਿਧਰੇ ਵੀ ਪ੍ਰੀਖਿਆ ਵਿੱਚ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਢੰਗ ਦੱਸਿਆ-ਸਿੱਖਿਆ ਨਹੀਂ ਜਾਂਦਾ। ਵਿਦਿਆਰਥੀ ਪੜ੍ਹਦੇ ਹਨ, ਪਰ ਲਿਖਣ ਦਾ ਅਭਿਆਸ ਨਹੀਂ ਕਰਦੇ ਜਦੋਂਕਿ ਪ੍ਰੀਖਿਆ ਲਿਖਣ ਦੀ ਹੁੰਦੀ ਹੈ। ਪੜ੍ਹਿਆ-ਸੁਣਿਆ ਇੱਕ ਦਿਨ ਹੀ ਯਾਦ ਰਹਿੰਦਾ ਹੈ। ਲਿਖਣ ਦੇ ਅਭਿਆਸ ਤੋਂ ਬਿਨਾਂ ਗਿਆਨ ਪ੍ਰਾਪਤੀ ਸੰਭਵ ਨਹੀਂ ਹੁੰਦੀ। ਘੱਟ ਤੋਂ ਘੱਟ ਪੜ੍ਹ ਕੇ ਲਿਖਣ ਦੇ ਅਭਿਆਸ ਤੋਂ ਬਿਨਾਂ ਵੱਧ ਤੋਂ ਵੱਧ ਨੰਬਰ ਲੈਣ ਦਾ ਸੁਪਨਾ ਯਥਾਰਥ ਨਹੀਂ ਬਣਦਾ। ਪੜ੍ਹਾਈ ਸਬੰਧੀ ਜਦੋਂ ਤਕ ਕੁਝ ਵਿਸ਼ਿਆਂ ਨੂੰ ਔਖੇ ਅਤੇ ਅਸੰਭਵ ਸਮਝਣ ਦੀਆਂ ਮਾਨਸਿਕ ਰੁਕਾਵਟਾਂ ਨੂੰ ਪਾਰ ਨਹੀਂ ਕੀਤਾ ਜਾਂਦਾ, ਵਿਕਾਸ ਨਹੀਂ ਹੁੰਦਾ। ਜੇ ਪੜ੍ਹਾਈ ਛੱਡ ਦਿੱਤੀ ਹੈ, ਭਾਵੇਂ ਕਈ ਸਾਲ ਬੀਤ ਗਏ ਹਨ, ਮੁੜ ਸ਼ੁਰੂ ਕਰੋ, ਲਿਖਣ ਦੇ ਅਭਿਆਸ ਨਾਲ ਸਫਲਤਾ ਮਿਲੇਗੀ ਅਤੇ ਫਿਰ ਮਿਲਦੀ ਰਹੇਗੀ। ਮਹਾਨਤਾ ਦਾ ਇਹੀ ਮਾਰਗ ਹੈ।

ਮਹਾਨ ਬਣਨ ਦਾ ਅਰਥ ਲਿੰਕਨ ਜਾਂ ਗਾਂਧੀ ਬਣਨਾ ਨਹੀਂ। ਜੋ ਮੁਸ਼ਕਿਲਾਂ ਵਿੱਚੋਂ ਲੰਘ ਕੇ ਸਫਲ ਹੁੰਦਾ ਹੈ, ਉਹ ਮਹਾਨ ਹੈ। ਹਰ ਖੇਤਰ ਵਿੱਚ, ਹਰ ਥਾਂ ਮਹਾਨ ਵਿਅਕਤੀ ਹੁੰਦੇ ਹਨ। ਦੱਖਣੀ ਅਫਰੀਕਾ ਵਿੱਚ ਇੱਕ ਵਿਅਕਤੀ ਦੀ ਜ਼ਮੀਨ ਵਿੱਚ ਹੀਰਿਆਂ ਦੀ ਖਾਣ ਸੀ, ਪਰ ਉਸ ਨੂੰ ਹੀਰਿਆਂ ਦੀ ਪਛਾਣ ਨਹੀਂ ਸੀ। ਘੜੇ ਅਤੇ ਲਿਸ਼ਕਾਏ ਜਾਣ ਤੋਂ ਪਹਿਲਾਂ ਹੀਰਾ ਮੈਲਾ ਜਿਹਾ ਵੱਟਾ ਹੀ ਹੁੰਦਾ ਹੈ। ਉਸ ਵਿਅਕਤੀ ਨੇ ਸੁਣਿਆ ਹੋਇਆ ਸੀ ਕਿ ਉਸ ਇਲਾਕੇ ਵਿੱਚ ਹੀਰੇ ਸਨ। ਉਹ ਹੀਰਿਆਂ ਦੀ ਆਪਣੀ ਖਾਣ ਛੱਡ ਕੇ ਹੀਰੇ ਲੱਭਣ ਤੁਰ ਗਿਆ। ਹੀਰਿਆਂ ਵਾਂਗ ਹੀ ਮਨੁੱਖ ਜਦੋਂ ਤਕ ਮੁਸ਼ਕਿਲ ਸਮਿਆਂ ਦੀ ਰਗੜ ਨਹੀਂ ਸਹਿੰਦੇ, ਉਹ ਲਿਸ਼ਕਦੇ ਨਹੀਂ। ਅਠਾਰਵੀਂ ਸਦੀ ਤਕ ਸਾਰੇ ਸੰਸਾਰ ਵਿੱਚ ਜੀਵਨ ਦੀ ਨੁਹਾਰ ਪੇਂਡੂ ਸੀ, ਸਾਰੇ ਲੋਕ ਕੰਮ ਕਰਦੇ ਸਨ। ਸਫਲਤਾ-ਅਸਫਲਤਾ ਦਾ ਸੰਕਲਪ ਅਜੇ ਉਪਜਿਆ ਨਹੀਂ ਸੀ। ਉਦੋਂ ਗੰਭੀਰ ਮੁਸ਼ਕਿਲਾਂ ਅਤੇ ਸੰਕਟ ਨਹੀਂ ਸਨ। ਹਰ ਕਿਸੇ ਦੀਆਂ ਲੋੜਾਂ, ਘੱਟ-ਵੱਧ, ਪੂਰੀਆਂ ਹੋ ਜਾਂਦੀਆਂ ਸਨ। ਸਫਲਤਾ-ਅਸਫਲਤਾ ਦਾ ਸੰਕਲਪ ਸ਼ਹਿਰੀ ਜੀਵਨ ਦੀ ਦੇਣ ਅਤੇ ਸਾਡੀ ਆਪਣੀ ਕਾਢ ਹੈ। ਪੰਜਾਹ ਵਰ੍ਹੇ ਪਹਿਲਾਂ ਜੋ ਦਸਵੀਂ ਪਾਸ ਹੋ ਜਾਂਦਾ ਸੀ, ਪ੍ਰਸੰਨ ਹੋ ਜਾਂਦਾ ਸੀ, ਉਸ ਨੂੰ ਕੋਈ ਪ੍ਰਵਾਹ ਨਹੀਂ ਸੀ ਕਿ ਕਿੰਨੇ ਪ੍ਰਤੀਸ਼ਤ ਨੰਬਰ ਆਏ ਹਨ। ਹੁਣ ਸਥਿਤੀ ਇਹ ਹੈ ਕਿ ਓਲੰਪਿਕਸ ਵਿੱਚ ਜਦੋਂ ਕਿਸੇ ਨੇ ਇੱਕ ਦੌੜਾਕ ਨੂੰ ਚਾਂਦੀ ਦਾ ਤਮਗਾ ਜਿੱਤਣ ਦੀ ਵਧਾਈ ਦਿੱਤੀ ਤਾਂ ਉਸ ਨੇ ਕਿਹਾ ਕਿ ਤੁਸੀਂ ਦੌੜ ਵਿੱਚ ਚਾਂਦੀ ਦਾ ਤਮਗਾ ਜਿੱਤਣ ਦੀ ਵਧਾਈ ਦੇ ਰਹੇ ਹੋ, ਮੈਂ ਸੋਨੇ ਦਾ ਤਮਗਾ ਨਾ ਮਿਲਣ ਦਾ ਸੋਗ ਕਰ ਰਿਹਾ ਹਾਂ। ਅਜੋਕੇ ਸੰਸਾਰ ਵਿੱਚ ਸੰਤੁਸ਼ਟ ਕੋਈ ਨਹੀਂ, ਹਰ ਕੋਈ ਮੁਕਾਬਲੇ ਵਿੱਚ ਪਿਆ ਹੋਇਆ ਹੈ। ਜੀਵਨ ਮੁਸ਼ਕਿਲ ਹੋ ਗਿਆ ਹੈ।

ਜੇ ਤੁਸੀਂ ਮੁਸ਼ਕਿਲ ਦਾ ਸਾਹਮਣਾ ਨਹੀਂ ਕੀਤਾ ਤਾਂ ਨਾ ਤੁਹਾਡੀ ਪਛਾਣ ਹੋਵੇਗੀ ਤੇ ਨਾ ਹੀ ਤੁਹਾਡੇ ਵਿੱਚ ਸਵੈ-ਵਿਸ਼ਵਾਸ ਹੋਵੇਗਾ। ਅਜਿਹੇ ਵਿਅਕਤੀ ਅਸਫਲ ਹੋ ਕੇ ਮੈਦਾਨ ਛੱਡ ਜਾਂਦੇ ਹਨ। ਚਰਿੱਤਰ ਬਾਰੇ ਹੁਣ ਕੋਈ ਗੱਲ ਨਹੀਂ ਕਰਦਾ। ਹਰ ਕਿਸੇ ਦੇ ਜੀਵਨ ਵਿੱਚ ਮੁਸ਼ਕਿਲਾਂ ਵਾਲਾ ਸਮਾਂ ਸਿਖਲਾਈ ਵਾਲਾ ਸਮਾਂ ਹੁੰਦਾ ਹੈ। ਅਸਫਲਤਾਵਾਂ ਬੜੀਆਂ ਮਹੱਤਵਪੂਰਨ ਹੁੰਦੀਆਂ ਹਨ ਕਿਉਂਕਿ ਹਰੇਕ ਹਾਰ ਅਤੇ ਅਸਫਲਤਾ ਸਾਨੂੰ ਬਦਲਦੀ ਹੈ। ਅਸਫਲਤਾਵਾਂ ਦਾ ਮੁੱਲ ਜਾਣਨ ਦੀ ਲੋੜ ਹੈ। ਇਹ ਸਾਨੂੰ ਸਫਲ ਹੋਣ ਦੇ ਢੰਗ ਸਿਖਾਉਂਦੀਆਂ ਹਨ। ਹਰ ਕਿਸੇ ਦਾ ਦਸ-ਬਾਰ੍ਹਾਂ ਵਾਰੀ ਨੌਕਰੀ ਲਈ ਨਾ ਚੁਣੇ ਜਾਣ ਕਾਰਨ ਹੌਸਲਾ ਡਿੱਗਣ ਲੱਗ ਪੈਂਦਾ ਹੈ, ਪਰ ਜੇ ਅਸਫਲਤਾ ਤੋਂ ਸਬਕ ਸਿੱਖ ਲਿਆ ਜਾਵੇ ਤਾਂ ਅਸਫਲਤਾ ਦਾ ਵੀ ਲਾਭ ਹੁੰਦਾ ਹੈ। ਅਜਿਹੇ ਇੱਕ ਵਿਅਕਤੀ ਨੇ ਹਾਂ-ਪੱਖੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦਿਆਂ ਕਿਹਾ, ਇੰਨੀ ਵਾਰ ਅਸਫਲਤਾ ਮਿਲੀ ਕਿ ਅਸਫਲਤਾ ਤੋਂ ਡਰ ਲੱਗਣਾ ਬੰਦ ਹੋ ਗਿਆ। ਉਸ ਨੂੰ ਖ਼ਿਆਲ ਆਇਆ ਕਿ ਜੇ ਨੌਕਰੀ ਨਹੀਂ ਮਿਲ ਰਹੀ ਤਾਂ ਆਪਣਾ ਰੁਜ਼ਗਾਰ ਆਪ ਲੱਭਿਆ ਜਾ ਸਕਦਾ ਹੈ। ਆਪਣੀਆਂ ਡਿਗਰੀਆਂ ਦੀ ਪ੍ਰਵਾਹ ਨਾ ਕਰਦਿਆਂ ਉਸ ਨੇ ਦੁੱਧ ਦੀ ਡੇਅਰੀ ਖੋਲ੍ਹੀ। ਪਹਿਲਾਂ ਉਹ ਦੁੱਧ ਹੀ ਵੇਚਦਾ ਸੀ। ਫਿਰ ਉਹ ਦਹੀਂ, ਮੱਖਣ, ਘਿਓ, ਕਰੀਮ ਆਦਿ ਵੀ ਵੇਚਣ ਲੱਗ ਪਿਆ। ਫਿਰ ਉਸ ਨੇ ਨਾਸ਼ਤੇ ਦਾ ਸਾਰਾ ਸਮਾਨ ਰੱਖਣਾ ਸ਼ੁਰੂ ਕੀਤਾ। ਸੱਤ ਸਾਲਾਂ ਵਿੱਚ ਉਸ ਨੇ ਬਾਰ੍ਹਾਂ ਡੇਅਰੀਆਂ ਖੋਲ੍ਹੀਆਂ ਜਿੱਥੇ ਪੰਜਾਹ ਤੋਂ ਵੱਧ ਵਿਅਕਤੀ ਕੰਮ ਕਰਦੇ ਹਨ, ਜਿਨ੍ਹਾਂ ਨੂੰ ਉਸ ਨੇ ਤਨਖਾਹਦਾਰ ਨਹੀਂ ਭਾਈਵਾਲ ਬਣਾਇਆ।

ਇੱਕ ਇਸਤਰੀ ਨੇ ਸਿਲਾਈ ਦੀ ਸਾਧਾਰਨ ਮਸ਼ੀਨ ਨਾਲ ਫੈਸ਼ਨ-ਬਰਾਂਡ ਉਸਾਰ ਦਿੱਤਾ। ਇੱਕ ਨੇ ਆਚਾਰ ਪਾਉਣਾ ਸ਼ੁਰੂ ਕਰਕੇ ਵਪਾਰਕ ਕੰਪਨੀ ਉਸਾਰ ਲਈ। ਸਾਡੀ ਸਿੱਖਿਆ ਪ੍ਰਣਾਲੀ ਕੰਮ ਕਰਨਾ ਨਹੀਂ ਸਿਖਾਉਂਦੀ, ਨੌਕਰੀ ਦੇ ਤਾਂਘਵਾਨ ਬਣਾਉਂਦੀ ਹੈ। ਅੰਗਰੇਜ਼ ਸਾਨੂੰ ਕੁਰਸੀ ਦੇ ਗੁਲਾਮ ਬਣਾ ਗਏ ਅਤੇ ਅਸੀਂ ਮਾਲਕ ਬਣਨ ਬਾਰੇ ਨਹੀਂ ਸਗੋਂ ਨੌਕਰ ਹੋਣ ਬਾਰੇ ਹੀ ਸੋਚਦੇ ਹਾਂ।

ਭਾਰਤੀ ਸਮਾਜ ਵਿੱਚ ਅਸਫਲ ਹੋਇਆਂ ਨੂੰ ਸਦਭਾਵਨਾ ਨਾਲ ਨਹੀਂ ਵੇਖਿਆ ਜਾਂਦਾ। ਇਹ ਵੀ ਸੱਚ ਹੈ ਕਿ ਅਸੀਂ ਹਰੇਕ ਸਫਲਤਾ-ਅਸਫਲਤਾ ਨੂੰ ਵਧਾ-ਚੜ੍ਹਾ ਕੇ ਦੱਸਦੇ ਹਾਂ। ਨਿਰਸੰਦੇਹ ਅਜੋਕੀ ਪੀੜ੍ਹੀ ਵਿੱਚ ਕੂਹਣੀਆਂ ਮਾਰ ਕੇ ਅੱਗੇ ਨਿਕਲਣ ਦੀ ਕਾਹਲ ਹੈ। ਸਭ ਪਾਸੇ ਰਾਤੋ-ਰਾਤ ਅਮੀਰ ਹੋਣ ਦੀ ਦੌੜ ਲੱਗੀ ਹੋਈ ਹੈ। ਅਜਿਹਾ ਵਿਅਕਤੀ ਢਹਿੰਦੀਕਲਾ ਦਾ ਸ਼ਿਕਾਰ ਹੋ ਜਾਂਦਾ ਹੈ। ਜੇ ਕਿਸੇ ਉਪਰਾਲੇ ਵਿੱਚ ਆਪਣੇ ਪੈਸਿਆਂ ਨਾਲ ਘਾਟਾ ਪੈ ਜਾਵੇ ਤਾਂ ਬਰਦਾਸ਼ਤ ਹੋ ਜਾਂਦਾ ਹੈ, ਪਰ ਜੇ ਕਰਜ਼ਾ ਲਏ ਪੈਸੇ ਰੁੜ੍ਹ ਜਾਣ ਤਾਂ ਹੌਸਲਾ ਢਾਹੁਣ ਵਾਲੀ ਨਿਰਾਸਤਾ ਉਪਜਦੀ ਹੈ। ਵੇਖਿਆ ਗਿਆ ਹੈ ਕਿ ਜੇ ਕੋਈ ਤਿੰਨ ਵਾਰ ਅਸਫਲ ਹੋ ਕੇ ਚੌਥੀ ਵਾਰ ਯਤਨ ਕਰੇ ਤਾਂ ਉਹ ਅਕਸਰ ਸਫਲ ਹੁੰਦਾ ਹੈ।

ਸਫਲ ਹੋਣ ਦੀ ਪ੍ਰੇਰਨਾ ਆਪ-ਮੁਹਾਰੇ ਵਿਅਕਤੀ ਦੇ ਅੰਦਰੋਂ ਉਪਜਦੀ ਹੈ। ਜੇ ਤੁਸੀਂ ਸਫਲ ਹੋਣ ਦੇ ਢੰਗ ਹੋਰਾਂ ਤੋਂ ਪੁੱਛਦੇ ਹੋ ਤਾਂ ਸਪਸ਼ਟ ਹੈ ਕਿ ਪ੍ਰੇਰਨਾ ਤੁਹਾਡੇ ਅੰਦਰੋਂ ਨਹੀਂ ਉਪਜ ਰਹੀ। ਇੱਕ ਨਾਟਕ ਮੰਡਲੀ ਨਾਲ ਆਏ ਪ੍ਰਸਿੱਧ ਡਾਇਰੈਕਟਰ ਤੋਂ ਇੱਕ ਲੜਕੀ ਨੇ ਪੁੱਛਿਆ: ਕੀ ਮੈਂ ਪ੍ਰਸਿੱਧ ਨਰਤਕੀ ਬਣ ਸਕਦੀ ਹਾਂ ? ਡਾਇਰੈਕਟਰ ਨੇ ਕਿਹਾ: ਨੱਚ ਕੇ ਵਿਖਾ। ਉਸ ਦਾ ਝਿਜਕ ਵਾਲਾ ਨੱਚਣਾ ਵੇਖ ਕੇ ਡਾਇਰੈਕਟਰ ਨੇ ਕਿਹਾ: ਤੇਰੇ ਵਿੱਚ ਨਰਤਕੀ ਬਣਨ ਦੇ ਲੱਛਣ ਨਹੀਂ ਹਨ। ਲੜਕੀ ਨਿਰਾਸ਼ ਹੋ ਕੇ ਘਰ ਚਲੀ ਗਈ, ਨੱਚਣ ਦਾ ਵਿਚਾਰ ਤਿਆਗ ਦਿੱਤਾ ਅਤੇ ਇੱਕ ਦੁਕਾਨ 'ਤੇ ਸੋਡੇ ਦੀਆਂ ਬੋਤਲਾਂ ਖੋਲ੍ਹਦੀ ਰਹੀ। ਕੁਝ ਸਾਲ ਮਗਰੋਂ ਉਹੀ ਨਾਟਕ ਮੰਡਲੀ ਫਿਰ ਉਧਰ ਆਈ ਅਤੇ ਉਸ ਲੜਕੀ ਨੇ ਡਾਇਰੈਕਟਰ ਨੂੰ ਕਿਹਾ: ਤੁਹਾਡੀ ਗੱਲ ਨੇ ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਡਾਇਰੈਕਟਰ ਨੇ ਕਿਹਾ: ਤੇਰੇ ਪੁੱਛਣ ਵਿੱਚ ਸਵੈ-ਵਿਸ਼ਵਾਸ ਨਹੀਂ ਸੀ। ਤੂੰ ਮੇਰੀ ਗੱਲ ਨੂੰ ਮੰਨ ਕੇ, ਨੱਚਣਾ ਤਿਆਗ ਕੇ ਆਪਣੀ ਜ਼ਿੰਦਗੀ ਆਪ ਬਰਬਾਦ ਕੀਤੀ ਹੈ। ਸੁਤੰਤਰਤਾ ਉਪਰੰਤ ਜਦੋਂ 'ਸ਼ਹੀਦ' ਫ਼ਿਲਮ ਵਿੱਚ ਲਤਾ ਮੰਗੇਸ਼ਕਰ ਗਾਉਣ ਦੀ ਨੌਕਰੀ ਲਈ ਗਈ ਤਾਂ ਡਾਇਰੈਕਟਰ ਨੇ ਉਦੋਂ ਲਤਾ ਮੰਗੇਸ਼ਕਰ ਨੂੰ ਕਿਹਾ ਸੀ: ਗਾਉਣਾ ਤੇਰੇ ਵੱਸ ਦੀ ਗੱਲ ਨਹੀਂ। ਪਰ ਲਤਾ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਸੀ। ਸੋ ਉਹ ਸਫਲ ਹੋਈ। ਇੱਕ ਵਾਰੀ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਲਈ ਖੇਡਾਂ ਵਿੱਚ ਪੰਜ ਬੱਚੇ ਦੌੜੇ ਅਤੇ ਉਨ੍ਹਾਂ ਵਿੱਚੋਂ ਇੱਕ ਰਾਹ ਵਿੱਚ ਡਿੱਗ ਪਿਆ। ਰੁਕ ਕੇ ਬਾਕੀ ਚਾਰਾਂ ਨੇ ਉਸ ਨੂੰ ਉਠਾਇਆ ਅਤੇ ਉਹ ਪੰਜੇ ਬਾਹਵਾਂ ਵਿੱਚ ਬਾਹਵਾਂ ਪਾ ਕੇ ਦੌੜੇ ਅਤੇ ਪੰਜੇ ਅੱਵਲ ਆਏ। ਸਫਲਤਾ ਲਈ ਸਹਿਯੋਗ ਦੇਣ ਅਤੇ ਲੈਣ ਦੀਆਂ ਦੋਵੇਂ ਮੁਹਾਰਤਾਂ ਦੀ ਲੋੜ ਹੁੰਦੀ ਹੈ।

# ਬੇਰੀ ਵਾਲੀ ਨੇ ਕਿਹਾ, 'ਮੈਂ ਤੈਨੂੰ ਬੇੜੇ 'ਤੇ ਬਿਠਾਵਾਂਗਾ



ਪੰਚਕੂਲਾ, 29 ਮਾਰਚ (ਪ.ਪ) : ਕੁਲਦੇਵੀ ਮਾਂ ਬੇਰੀ ਵਾਲੀ ਦੇ ਆਸ਼ੀਰਵਾਦ ਨਾਲ, ਮਾਤਾ ਭੀਮੇਸ਼ਵਰੀ ਦੇਵੀ (ਬੇਰੀ ਵਾਲੀ) ਸੇਵਾ ਟਰੱਸਟ ਨੇ ਸ਼ੁੱਕਰਵਾਰ, 27 ਮਾਰਚ ਨੂੰ ਸੈਕਟਰ 7, ਪੰਚਕੂਲਾ ਵਿੱਚ ਸਥਿਤ ਕੁਲਦੇਵੀ ਮਾਂ ਬੇਰੀ ਵਾਲੀ ਦੁਰਗਾ ਮੰਦਰ ਵਿੱਚ 6ਵੀਂ ਸ਼ਾਨਦਾਰ ਅਤੇ ਵਿਸ਼ਾਲ ਚੌਂਕੀ ਦਾ ਆਯੋਜਨ ਕੀਤਾ। ਸਮਾਰੋਹ ਦੀ ਸ਼ੁਰੂਆਤ ਦੀਵਾ ਜਗਾ ਕੇ ਅਤੇ ਕੁਲਦੇਵੀ ਮਾਂ ਬੇਰੀ ਵਾਲੀ ਦੀ ਉਸਤਤ ਦਾ ਜਾਪ ਕਰਕੇ ਰਸਮਾਂ ਨਾਲ ਹੋਈ। ਪ੍ਰਸਿੱਧ ਹਰਿਆਣਵੀ ਭਜਨ ਗਾਇਕ ਰਾਜਫੁਲ ਕੁਚਰਨੀਆ ਨੇ ਕੁਲਦੇਵੀ ਮਾਂ ਬੇਰੀ ਵਾਲੀ ਦੇ ਪ੍ਰਸਿੱਧ ਭਜਨ ਗਾਏ। ÷ਮੇਰੀ ਮਾਂ, ਮੇਰੇ ਬਾਗ਼ ਵਿੱਚ ਆਓ,÷ ਟਰੱਸਟੀ ਨੇ ਕਿਹਾ। ਆਓ ਅਤੇ ਮੈਨੂੰ ਆਪਣਾ ਚਿਹਰਾ ਦਿਖਾਓ, ਮੇਰੀ ਮਾਂ। ਮੈਂ ਬੇਰੀ ਢੋਕਨ ਜਾਵਾਂਗਾ, ਮੇਰਾ ਘਰ ਰਹਿਣ ਨੂੰ ਜੀਅ ਨਹੀਂ ਕਰ ਰਿਹਾ... ਬੇਰੀ ਵਾਲੀ ਨੇ ਕਿਹਾ, ਮੈਂ ਤੈਨੂੰ ਬੇੜੇ 'ਤੇ ਬਿਠਾਵਾਂਗਾ... ਮਾਂ, ਜਿਸਨੇ ਮੈਨੂੰ ਸਜਾਉਣ ਲਈ ਸਜਾਇਆ ਹੈ, ਬੇਰੀ ਵਾਲੀ, ਜਿਸਨੇ ਮੈਨੂੰ ਸਜਾਇਆ ਹੈ, ਮੈਂ ਤੇਰੇ ਲਈ ਚੁੰਦਰੀ ਲੈ ਕੇ ਆਇਆ ਹਾਂ..., ਮਾਂ ਬੇਰੀ ਵਾਲੀ ਦਾ ਦਰਬਾਰ ਬਹੁਤ ਸੁੰਦਰ ਢੰਗ ਨਾਲ ਸਜਾਇਆ ਗਿਆ ਹੈ.... ਮਾਂ ਵੱਲੋਂ ਇਸ ਤਰ੍ਹਾਂ ਦੀਆਂ ਮਸ਼ਹੂਰ ਭੇਟਾਂ ਨੇ ਮੌਜੂਦ ਸਾਰੇ ਸ਼ਰਧਾਲੂਆਂ ਨੂੰ ਸ਼ਰਧਾ ਨਾਲ ਭਰ ਦਿੱਤਾ ਅਤੇ ਉਨ੍ਹਾਂ ਨੂੰ ਨੱਚਣ ਅਤੇ ਝੂਲਣ ਲਈ ਮਜਬੂਰ ਕਰ ਦਿੱਤਾ। ਮੌਜੂਦ ਸ਼ਰਧਾਲੂਆਂ ਨੇ ÷ਬੇਰੀ ਵਾਲੀ ਮਾਤਾ ਕੀ ਜੈ÷ ਅਤੇ ÷ਭੀਮੇਸ਼ਵਰੀ ਦੇਵੀ ਕੀ ਜੈ÷ ਦੇ ਜੈਕਾਰਿਆਂ ਨਾਲ ਅਸਮਾਨ ਭਰ ਦਿੱਤਾ। ਮਾਤਾ ਭੀਮੇਸ਼ਵਰੀ ਦੇਵੀ ਬੇਰੀ ਵਾਲੀ ਸੇਵਾ ਟਰੱਸਟ ਨੇ ਕਿਹਾ ਕਿ ਟਰੱਸਟ ਦਾ ਮੁੱਖ ਉਦੇਸ਼ ਕੁਲਦੇਵੀ, ਮਾਤਾ ਬੇਰੀ ਵਾਲੀ ਦੀ ਸ਼ਰਧਾ ਫੈਲਾਉਣਾ ਹੈ। ਟਰੱਸਟ ਕੁਲਦੇਵੀ, ਮਾਤਾ ਬੇਰੀ ਵਾਲੀ ਲਈ ਇੱਕ ਵਿਸ਼ਾਲ ਚੌਂਕੀ ਦਾ ਆਯੋਜਨ ਕਰਦਾ ਹੈ, ਅਤੇ ਹਰ ਛੇਵੇਂ ਮਹੀਨੇ ਮਾਂ ਬੇਰੀ ਵਾਲੀ ਦੇ ਅਸਥਾਨ ਲਈ ਇੱਕ ਬੱਸ ਟੂਰ ਵੀ ਭੇਜਦਾ ਹੈ। ਚੌਂਕੀ ਵਿਖੇ ਮੌਜੂਦ ਸਾਰੇ ਸ਼ਰਧਾਲੂਆਂ ਨੇ ਟਰੱਸਟ ਦੇ ਕੰਮ ਦੀ ਬਹੁਤ ਪ੍ਰਸ਼ੰਸਾ ਕੀਤੀ।

ਇਸ ਮੌਕੇ ਮਾਤਾ ਭੀਮੇਸ਼ਵਰੀ ਦੇਵੀ (ਬੇਰੀ ਵਾਲੀ) ਸੇਵਾ ਟਰੱਸਟ ਦੇ ਟਰੱਸਟੀ ਜਗਮੋਹਨ ਗਰਗ, ਮਹਾਰਾਜਾ ਅਗਰਸੇਨ ਵੈਲਫੇਅਰ ਟਰੱਸਟ ਦੇ ਪ੍ਰਧਾਨ ਸ਼ਿਵਕੁਮਾਰ ਅਗਰਵਾਲ, ਅਗਰਵਾਲ ਭਵਨ (ਹਰਿਦੁਆਰ) ਦੇ ਪ੍ਰਧਾਨ ਰਾਜਿੰਦਰ ਗੁਪਤਾ, ਸਬਕੀ ਸੇਵਾ ਦੇ ਜਨਰਲ ਸਕੱਤਰ ਐਡਵੋਕੇਟ ਸੰਜੇ ਕੁਮਾਰ ਜੈਨ, ਰਬਕੀ ਸੇਵਾ ਸੇਵਾ ਦੇ ਚੇਅਰਮੈਨ ਜੀ.ਵੀ.ਸ. ਇਸ ਮੌਕੇ ਮਾਤਾ ਮਨਸਾ ਦੇਵੀ ਸੇਵਾ ਟਰੱਸਟ ਸੰਦੀਪ ਗੁਪਤਾ, ਜਨਰਲ ਸਕੱਤਰ ਰਮਨ ਸਿੰਗਲਾ, ਸ਼੍ਰੀ ਮਹਿੰਦੀਪੁਰ ਬਾਲਾਜੀ ਮਹਾਰਾਜ ਟਰੱਸਟ ਦੇ ਪ੍ਰਧਾਨ ਦਿਨੇਸ਼ ਬਾਂਸਲ, ਪਵਨ ਬਾਂਸਲ, ਸੁਧੀਰ ਦਿਆਲ ਅਗਰਵਾਲ, ਵਿਜੇ ਅਗਰਵਾਲ, ਹੇਮੰਤ ਜਿੰਦਲ, ਸਤੀਸ਼ ਮੰਗਲਾ, ਸ਼੍ਰੀ ਕ੍ਰਿਸ਼ਨ ਕ੍ਰਿਪਾ ਪਰਿਵਾਰ ਪੰਚਕੂਲਾ ਦੇ ਚੇਅਰਮੈਨ ਪੰਚਕੂਲਾ ਟਰੱਸਟ ਦੇ ਜਨਰਲ ਸਕੱਤਰ ਸ਼ਾਮਿੰਦਰ ਬਾਂਸਲ, ਡੀ. ਸਿੰਗਲਾ, ਖਜ਼ਾਨਚੀ ਨੀਰਜ ਮਿੱਤਲ, ਦੀਪਕ ਲੂਥਰਾ, ਵਰਿਸ਼ਭਾਨ ਗਰਗ, ਵਨੀਤ ਜੈਨ, ਸੰਜੇ ਗਰਗ, ਸੁਭਾਸ਼ ਸਿੰਗਲਾ, ਸਤੀਸ਼ ਜਿੰਦਲ, ਐਮ.ਪੀ ਅਰੋੜਾ, ਓ.ਪੀ ਪਾਹਵਾ, ਰਾਕੇਸ਼ ਗੁਪਤਾ, ਵਿਜੇ ਗਰਗ, ਹੈਪੀ ਗੁਪਤਾ, ਪ੍ਰਦੀਪ ਗਰਗ, ਸੁਰਿੰਦਰ ਸਿੰਗਲਾ, ਅਭਿਸ਼ੇਕ. ਗੁਪਤਾ, ਸ਼੍ਰੀ ਰਾਧੇ ਕ੍ਰਿਪਾ ਪਰਿਵਾਰ ਤੋਂ ਵਿਸ਼ਾਲ ਗੋਇਲ, ਸ਼੍ਰੀ ਦੁਰਗਾ ਮੰਦਰ ਸਭਾ ਦੇ ਖਜ਼ਾਨਚੀ ਸੱਤਿਆਭਗਵਾਨ ਸਿੰਗਲਾ, ਯੋਗਰਾਜ ਹਾਜ਼ਰ ਸਨ। ਬਾਂਸਲ, ਵਰਿੰਦਰ ਗੁਪਤਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈ ਮਿੱਤਲ, ਜਨਰਲ ਸਕੱਤਰ ਜੈ ਕੌਸ਼ਿਕ, ਦੀਪਕ ਗਰਗ, ਪੰਚਕੂਲਾ ਸੈਕਟਰ 7 ਮਾਰਕੀਟ ਦੇ ਪ੍ਰਧਾਨ ਅਮਿਤ ਗੋਇਲ, ਅਨਿਲ ਥਾਪਰ, ਉਮੇਸ਼ ਸੂਦ, ਸਾਬਕਾ ਕੌਂਸਲਰ ਸੋਨੀਆ ਸੂਦ, ਬੇਨੋ ਰਾਏ, ਪੁਸ਼ਪਾ ਲਾਕੜਾ, ਭਜਨ ਗਾਇਕ ਵਿਜੇ ਗਰਗ, ਸਿੱਖਿਅਕ ਸੰਸਥਾ ਪੰਚਕੂਲਾ ਪੰਚਕੂਲਾ ਦੇ ਪ੍ਰਧਾਨ ਮੰਜੂ ਚੰਦ, ਸ. ਬਿੰਦਲ, ਪ੍ਰਸਿੱਧ ਭਜਨ ਗਾਇਕ ਭੈਣ ਸੁਸ਼ਮਾ ਸ਼ਰਮਾ, ਮੰਜੂ ਬਾਂਸਲ, ਸੁਮਨ ਬਾਂਸਲ ਸਮੇਤ ਹੋਰ ਮੈਂਬਰ ਅਤੇ ਸ਼ਰਧਾਲੂ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਸਨ।



# ਵਿਧਾਇਕ ਜੰਬਾ ਨੇ ਪੁੰਡਰੀ ਵਿੱਚ ਸਵੇਰ ਦੀ ਚਾਹ ਪੀਂਦੇ ਹੋਏ ਸੰਗਠਨ ਬਾਰੇ ਵਰਕਰਾਂ ਦੇ ਵਿਚਾਰ ਸੁਣੇ

ਪੁੰਡਰੀ, 29 ਮਾਰਚ (ਪ.ਪ) : ਵਿਧਾਇਕ ਸਤਪਾਲ ਜੰਬਾ ਨੇ ਅੱਜ ਸਵੇਰੇ ਪੁੰਡਰੀ ਵਿੱਚ ਇੱਕ ਸੁਹਿਰਦ ਅਤੇ ਸਕਾਰਾਤਮਕ ਮਾਹੌਲ ਵਿੱਚ ਆਪਣੇ ਸਾਥੀ ਵਰਕਰਾਂ ਨਾਲ ਚਾਹ ਚਰਚਾ ਕੀਤੀ। ਇਸ ਚਰਚਾ ਦੌਰਾਨ, ਸੰਗਠਨ ਦੀਆਂ ਸ਼ਕਤੀਆਂ, ਇਲਾਕੇ ਵਿੱਚ ਵਿਕਾਸ ਕਾਰਜਾਂ ਅਤੇ ਜਨਤਕ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਥਾਨਕ ਨਿਵਾਸੀ ਸ਼ਾਮਲ ਹੋਏ, ਜਿਨ੍ਹਾਂ ਨੇ ਖੁੱਲ੍ਹ ਕੇ ਵਿਧਾਇਕ ਨਾਲ ਆਪਣੇ ਵਿਚਾਰ ਅਤੇ ਸੁਝਾਅ ਸਾਂਝੇ ਕੀਤੇ। ਇਸ ਗੈਰ-ਰਸਮੀ ਚਾਹ ਚਰਚਾ ਦੌਰਾਨ, ਵਿਧਾਇਕ ਨੇ ਵਰਕਰਾਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ, ਉਨ੍ਹਾਂ ਦੇ ਹੱਲ ਦਾ ਵਾਅਦਾ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸੇ ਸੰਗਠਨ ਦੀ ਅਸਲ ਤਾਕਤ ਇਸਦੇ ਵਰਕਰਾਂ ਵਿੱਚ ਹੈ, ਅਤੇ ਵਿਕਾਸ ਕਾਰਜ ਸਿਰਫ ਉਨ੍ਹਾਂ ਦੇ ਵਿਚਾਰਾਂ ਅਤੇ ਸੁਝਾਵਾਂ ਦੇ ਅਧਾਰ 'ਤੇ ਹੀ ਤੇਜ਼ ਕੀਤੇ ਜਾ ਸਕਦੇ ਹਨ। ਆਪਣੇ ਸੰਬੋਧਨ ਵਿੱਚ ਵਿਧਾਇਕ ਸਤਪਾਲ ਜੰਬਾ ਨੇ ਕਿਹਾ, ਪੁੰਡਰੀ ਮੇਰਾ ਪਰਿਵਾਰ ਹੈ, ਅਤੇ ਵਰਕਰ ਇਸ ਪਰਿਵਾਰ ਦੀ ਮਜ਼ਬੂਤ ? ?ਨੀਂਹ ਹਨ। ਤੁਹਾਡੇ ਸੁਝਾਅ ਮੇਰੇ ਲਈ ਬਹੁਤ ਮਹੱਤਵਪੂਰਨ ਹਨ। ਇਕੱਠੇ ਮਿਲ ਕੇ, ਅਸੀਂ ਖੇਤਰ ਦੇ ਵਿਕਾਸ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵਾਂਗੇ। ÷ ਸੰਗਠਨ ਦੀ ਤਾਕਤ ਸਾਡੀ ਸਭ ਤੋਂ ਵੱਡੀ ਤਾਕਤ ਹੈ, ਅਤੇ ਇਸ ਤਾਕਤ ਨਾਲ, ਅਸੀਂ ਜਨਤਕ ਸੇਵਾ ਦੇ ਕੰਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਵਾਂਗੇ। ਉਨ੍ਹਾਂ ਕਿਹਾ ਕਿ ਇਹ ਸਾਰੇ ਵਰਕਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸੂਬਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਆਖਰੀ ਵਿਅਕਤੀ ਤੱਕ ਪਹੁੰਚਣ। ਉਨ੍ਹਾਂ ਵਰਕਰਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਸਮੇਂ ਸਿਰ ਸਬੰਧਤ ਵਿਭਾਗਾਂ ਤੱਕ ਪਹੁੰਚਾਉਣ ਦੀ ਅਪੀਲ ਵੀ ਕੀਤੀ, ਤਾਂ ਜੋ ਉਨ੍ਹਾਂ ਦਾ ਜਲਦੀ ਹੱਲ ਕੀਤਾ ਜਾ ਸਕੇ। ਮੀਟਿੰਗ ਦੌਰਾਨ ਕਈ ਵਰਕਰਾਂ ਨੇ ਇਲਾਕੇ ਦੀਆਂ ਸਮੱਸਿਆਵਾਂ ਅਤੇ ਵਿਕਾਸ ਨਾਲ ਸਬੰਧਤ ਸੁਝਾਅ ਪੇਸ਼ ਕੀਤੇ, ਜਿਨ੍ਹਾਂ ਦਾ ਵਿਧਾਇਕ ਨੇ ਸਕਾਰਾਤਮਕ ਜਵਾਬ ਦਿੱਤਾ ਅਤੇ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਤਰਜੀਹ ਦਿੱਤੀ ਜਾਵੇਗੀ, ਅਤੇ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਡੀ.ਬੀ.ਕੇ. ਇੰਟਰਨੈਸ਼ਨਲ ਸਕੂਲ, ਨਰਵਾਣਾ ਨੇ ਨੌਜਵਾਨ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਕਨਵੋਕੇਸ਼ਨ ਸਮਾਰੋਹ ਦੀ ਮੇਜ਼ਬਾਨੀ ਕੀਤੀ




ਨਰਵਾਣਾ, 29 ਮਾਰਚ (ਪ.ਪ) : ਡੀ.ਬੀ.ਕੇ. ਇੰਟਰਨੈਸ਼ਨਲ ਸਕੂਲ ਵਿਖੇ ਨਰਸਰੀ ਤੋਂ ਯੂ.ਕੇ.ਜੀ. ਤੱਕ ਦੇ ਨੌਜਵਾਨ ਵਿਦਿਆਰਥੀਆਂ ਲਈ ਕਨਵੋਕੇਸ਼ਨ ਸਮਾਰੋਹ ਬਹੁਤ ਖੁਸ਼ੀ ਅਤੇ ਮਾਣ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਵਿਦਿਆਰਥੀਆਂ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸੀ, ਕਿਉਂਕਿ ਉਨ੍ਹਾਂ ਨੇ 2025-26 ਅਕਾਦਮਿਕ ਸਾਲ ਸ਼ਾਨਦਾਰ ਪ੍ਰਾਪਤੀਆਂ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਫਲਤਾਪੂਰਵਕ ਪੂਰਾ ਕੀਤਾ। ਨੌਜਵਾਨ ਵਿਦਿਆਰਥੀਆਂ ਨੇ ਨਾ ਸਿਰਫ਼ ਅਕਾਦਮਿਕ ਖੇਤਰ ਵਿੱਚ ਉੱਤਮਤਾ ਪ੍ਰਾਪਤ ਕੀਤੀ ਬਲਕਿ ਸਹਿ-ਪਾਠਕ੍ਰਮ ਗਤੀਵਿਧੀਆਂ, ਖੇਡਾਂ, ਰਚਨਾਤਮਕ ਪ੍ਰਗਟਾਵੇ ਅਤੇ ਆਤਮ-ਵਿਸ਼ਵਾਸ ਵਿੱਚ ਸ਼ਾਨਦਾਰ ਤਰੱਕੀ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਵੀ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਗਿਆਨ ਦੀ ਦੇਵੀ ਸਰਸਵਤੀ ਦੀ ਪੂਜਾ ਅਤੇ ਆਸ਼ੀਰਵਾਦ ਨਾਲ ਹੋਈ, ਜਿਸ ਨਾਲ ਇੱਕ ਅਧਿਆਤਮਿਕ ਅਤੇ ਪ੍ਰੇਰਨਾਦਾਇਕ ਮਾਹੌਲ ਬਣਿਆ। ਵੱਡੀ ਗਿਣਤੀ ਵਿੱਚ ਮਾਪਿਆਂ ਅਤੇ ਪਰਿਵਾਰਕ ਮੈਂਬਰਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਆਪਣੇ ਬੱਚਿਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕੀਤਾ। ਸਮਾਰੋਹ ਦੌਰਾਨ, ਵਿਦਿਆਰਥੀਆਂ ਨੂੰ ਪ੍ਰਗਤੀ ਰਿਪੋਰਟਾਂ ਅਤੇ ਵਿਆਪਕ ਮੁਲਾਂਕਣ ਰਿਪੋਰਟਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਉਨ੍ਹਾਂ ਦੇ ਸਮੁੱਚੇ ਵਿਕਾਸ ਦਾ ਵਿਸਤ੍ਰਿਤ ਮੁਲਾਂਕਣ ਪ੍ਰਦਾਨ ਕੀਤਾ।

ਮਾਪਿਆਂ ਨੇ ਅਧਿਆਪਕਾਂ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਅਣਥੱਕ ਮਿਹਨਤ ਅਤੇ ਸਮਰਪਣ ਨਾਲ, ਹਰੇਕ ਬੱਚੇ ਨੂੰ ਰਸਮੀ ਸਿੱਖਿਆ ਦੇ ਅਗਲੇ ਪੜਾਅ ਲਈ ਤਿਆਰ ਕੀਤਾ। ਇਸ ਮੌਕੇ ਬੱਚਿਆਂ ਦੀਆਂ ਮਾਸੂਮ ਭਾਵਨਾਵਾਂ ਅਤੇ ਸਕੂਲ ਪ੍ਰਤੀ ਉਨ੍ਹਾਂ ਦਾ ਪਿਆਰ ਸਾਫ਼ ਦਿਖਾਈ ਦੇ ਰਿਹਾ ਸੀ। ਆਪਣੇ ਸੰਬੋਧਨ ਵਿੱਚ, ਸਕੂਲ ਦੀ ਪ੍ਰਿੰਸੀਪਲ, ਪ੍ਰਿਆ ਕੁਕਰੇਜਾ ਨੇ ਕਿਹਾ ਕਿ ਸਕੂਲ ਹਮੇਸ਼ਾ ਮੁੱਢਲੀ ਸਿੱਖਿਆ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਵਚਨਬੱਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਨਾ ਸਿਰਫ਼ ਅਕਾਦਮਿਕ ਉੱਤਮਤਾ 'ਤੇ, ਸਗੋਂ ਧੁਨੀ ਵਿਧੀ, ਵੱਖ-ਵੱਖ ਜੀਵਨ ਹੁਨਰ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਭਾਸ਼ਾ ਅਤੇ ਬੌਧਿਕ ਵਿਕਾਸ 'ਤੇ ਵੀ ਧਿਆਨ ਕੇਂਦਰਿਤ ਕਰਦਾ ਹੈ।



# ਤਜਿੰਦਰ ਸਿੰਘ ਗੋਲਡੀ ਦੀ ਅਗਵਾਈ ਹੇਠ, ਪਿਪਲੀ ਮਾਜਰਾ ਦੇ ਵਸਨੀਕ ਭਾਜਪਾ ਵਿੱਚ ਸ਼ਾਮਲ

ਕੁਰੂਕਸ਼ੇਤਰ, 29 ਮਾਰਚ (ਪ.ਪ) : ਪਿਪਲੀ ਮਾਜਰਾ ਪਿੰਡ ਦੇ ਵਸਨੀਕ ਦੂਜੀਆਂ ਪਾਰਟੀਆਂ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਭਾਜਪਾ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਗੋਲਡੀ ਨੇ ਸਾਰੇ ਸਮਰਥਕਾਂ ਦਾ ਪਾਰਟੀ ਦੀ ਪੱਗ ਬੰਨ੍ਹ ਕੇ ਭਾਜਪਾ ਵਿੱਚ ਸਵਾਗਤ ਕੀਤਾ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਭਾਜਪਾ ਦੀ ਰਾਸ਼ਟਰਵਾਦੀ ਵਿਚਾਰਧਾਰਾ ਵਿਕਾਸ ਪ੍ਰਤੀ ਇਸਦੀ ਵਚਨਬੱਧਤਾ ਅਤੇ ਮਜ਼ਬੂਤ ਲੀਡਰਸ਼ਿਪ ਵਿੱਚ ਵਧ ਰਹੇ ਵਿਸ਼ਵਾਸ ਦਾ ਪ੍ਰਤੀਕ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪਾਰਦਰਸ਼ੀ ਅਤੇ ਵਿਕਾਸ-ਮੁਖੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ, ਲੋਕ ਲਗਾਤਾਰ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋ ਰਹੇ ਹਨ। ਉਹ ਪਿਪਲੀ ਮਾਜਰਾ ਪਿੰਡ ਦੇ ਸਾਰੇ ਮੈਂਬਰਾਂ ਦਾ ਦਿਲੋਂ ਸਵਾਗਤ ਕਰਦੇ ਹਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਨ੍ਹਾਂ ਦੇ ਸੰਗਠਨ ਪ੍ਰਤੀ ਉਨ੍ਹਾਂ ਦੇ ਸਤਿਕਾਰ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਇਸ ਮੌਕੇ ਵਾਲਮੀਕਿ ਭਾਈਚਾਰੇ, ਪਾਲ ਭਾਈਚਾਰੇ ਅਤੇ ਸਿੱਖ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਸ ਦੌਰਾਨ ਹਾਜ਼ਰ ਸ਼ਖਸੀਅਤਾਂ ਰਮਨਦੀਪ ਸਿੰਘ, ਨਿਰਵੈਰ ਸਿੰਘ, ਕਸ਼ਮੀਰ ਸਿੰਘ, ਗੁਰਵਿੰਦਰ ਸਿੰਘ, ਪੰਜਾਬ ਸਿੰਘ, ਅਮੀਰ ਸਿੰਘ, ਅੰਗਰੇਜ਼ ਸਿੰਘ, ਕੇਵਲ ਸਿੰਘ, ਸੁਖਜਿੰਦਰ ਸਿੰਘ, ਦਲੇਰ ਸਿੰਘ, ਗੁਰਦਿਆਲ ਸਿੰਘ, ਗੁਰਮੇਜ ਸਿੰਘ, ਗੁਰਬਾਜ ਸਿੰਘ, ਮੇਜਰ ਸਿੰਘ ਆਦਿ ਹਾਜ਼ਰ ਸਨ ।




# ਇਲੈਕਟ੍ਰੀਕਲ ਪੈਨਲ ਡਿਜ਼ਾਈਨਿੰਗ ਅਤੇ ਇੰਡਸਟਰੀਅਲ ਆਟੋਮੇਸ਼ਨ 'ਤੇ ਸੈਮੀਨਾਰ

ਨੀਲੋਖੇੜੀ, 29 ਮਾਰਚ (ਪ.ਪ) :ਸਟੇਟ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (SIET) ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਨੇ ਇਲੈਕਟ੍ਰੀਕਲ ਪੈਨਲ ਡਿਜ਼ਾਈਨਿੰਗ ਅਤੇ ਇੰਡਸਟਰੀਅਲ ਆਟੋਮੇਸ਼ਨ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਸੰਚਾਲਨ ਦੀਪਕ, ਜੋ ਕਿ ਇੱਕ ਮਾਹਰ ਬੁਲਾਰੇ ਅਤੇ ਦ ਫਾਲਕਨ ਟੈਕਨਾਲੋਜੀ, ਮੋਹਾਲੀ ਦੇ ਤਕਨੀਕੀ ਲੀਡਰ ਸਨ, ਦੁਆਰਾ ਕੀਤਾ ਗਿਆ। ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਅਤੇ ਇਲੈਕਟ੍ਰਾਨਿਕਸ ਵਿਭਾਗ ਦੇ ਵਿਦਿਆਰਥੀਆਂ ਨੇ ਸੈਸ਼ਨ ਵਿੱਚ ਹਿੱਸਾ ਲਿਆ। ਇਹ ਪ੍ਰੋਗਰਾਮ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ. ਨੀਰਜ ਕੁਮਾਰ, ਸਿਖਲਾਈ ਅਤੇ ਪਲੇਸਮੈਂਟ ਅਫਸਰ ਡਾ. ਪ੍ਰਵੀਨ ਕੁਮਾਰ ਸੈਣੀ, ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਫੈਕਲਟੀ ਮੈਂਬਰਾਂ, ਡਾ. ਮੋਨਿਕਾ ਗਾਬਾ (ਪ੍ਰੋਗਰਾਮ ਕੋਆਰਡੀਨੇਟਰ) ਅਤੇ ਦੀਪਕ ਵਰਮਾ (ਸਹਾਇਕ ਪ੍ਰੋਫੈਸਰ) ਦੀ ਮੌਜੂਦਗੀ ਵਿੱਚ ਕੀਤਾ ਗਿਆ। ਸੈਸ਼ਨ ਦੌਰਾਨ, ਦੀਪਕ ਨੇ ਆਧੁਨਿਕ ਇੰਜੀਨੀਅਰਿੰਗ ਖੇਤਰਾਂ ਵਿੱਚ ਉਦਯੋਗਿਕ ਆਟੋਮੇਸ਼ਨ, PLC ਡਿਜ਼ਾਈਨ, 314, ਅਤੇ ਹੋਰ ਸੰਬੰਧਿਤ ਸਾਧਨਾਂ ਦੇ ਵਧ ਰਹੇ ਪ੍ਰਭਾਵ ਅਤੇ ਇਹ ਤਕਨਾਲੋਜੀਆਂ ਇਲੈਕਟ੍ਰੀਕਲ ਸੈਕਟਰ ਵਿੱਚ ਨਿਰਮਾਣ ਲੈਂਡਸਕੇਪ ਦੇ ਭਵਿੱਖ ਨੂੰ ਕਿਵੇਂ ਆਕਾਰ ਦੇ ਰਹੀਆਂ ਹਨ, ਬਾਰੇ ਕੀਮਤੀ ਸੂਝਾਂ ਸਾਂਝੀਆਂ ਕੀਤੀਆਂ। ਸੈਸ਼ਨ ਦਾ ਅੰਤ ਇੱਕ ਇੰਟਰਐਕਟਿਵ ਚਰਚਾ ਨਾਲ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਬਦਲਦੇ ਉਦਯੋਗਿਕ ਲੈਂਡਸਕੇਪ ਵਿੱਚ ਕਰੀਅਰ ਦੇ ਮੌਕਿਆਂ ਬਾਰੇ ਸਵਾਲ ਉਠਾਏ। ਮਾਹਿਰਾਂ ਨੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕੀਤਾ ਅਤੇ ਉਨ੍ਹਾਂ ਨੂੰ ਆਧੁਨਿਕ ਉਦਯੋਗਿਕ ਇੰਜੀਨੀਅਰਿੰਗ ਦੀਆਂ ਚੁਣੌਤੀਆਂ ਦਾ ਸਫਲਤਾਪੂਰਵਕ ਸਾਹਮਣਾ ਕਰਨ ਲਈ ਵੱਖ-ਵੱਖ ਸਿਮੂਲੇਸ਼ਨ ਅਤੇ ਆਟੋਮੇਸ਼ਨ ਸਾਫਟਵੇਅਰ ਟੂਲਸ ਵਿੱਚ ਵਿਹਾਰਕ ਹੁਨਰ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ। ਸੰਸਥਾ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ, ਪ੍ਰੋ. ਅਨਿਲ ਰੋਜ਼ ਨੇ ਟੀਪੀਓ ਸੈੱਲ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਇਸ ਜਾਣਕਾਰੀ ਭਰਪੂਰ ਵਰਕਸ਼ਾਪ ਦੇ ਆਯੋਜਨ ਲਈ ਵਧਾਈ ਦਿੱਤੀ।




# ਸ਼੍ਰੀ ਰਾਮ ਨਾਟਕ ਕਲੱਬ ਵੱਲੋਂ ਸ਼ੋਭਾ ਯਾਤਰਾ ਦਾ ਆਯੋਜਨ


## - ਪਵਨ ਕੁਮਾਰੀ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ



ਕਾਲਕਾ, 29 ਮਾਰਚ (ਪ.ਪ) :ਕਾਲਕਾ ਦੇ ਸ਼੍ਰੀ ਰਾਮ ਨਾਟਕ ਕਲੱਬ ਵੱਲੋਂ ਰਾਮ ਨੌਮੀ ਦੇ ਸ਼ੁਭ ਮੌਕੇ 'ਤੇ ਇੱਕ ਵਿਸ਼ਾਲ ਜਲੂਸ ਕੱਢਿਆ ਗਿਆ। ਜਲੂਸ ਰਸਮੀ ਤੌਰ 'ਤੇ ਕਾਲਕਾ ਦੇ ਨਗਰ ਕੌਂਸਲ ਦਫ਼ਤਰ ਤੋਂ ਸ਼ੁਰੂ ਹੋਇਆ ਅਤੇ ਮੁੱਖ ਮਹਿਮਾਨ ਭਾਜਪਾ ਜ਼ਿਲ੍ਹਾ ਉਪ ਪ੍ਰਧਾਨ ਪਵਨ ਕੁਮਾਰੀ ਸ਼ਰਮਾ ਨੇ ਦੀਵਾ ਜਗਾ ਕੇ ਇਸ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਸ਼੍ਰੀ ਰਾਮ ਨਾਟਕ ਕਲੱਬ ਦੇ ਪ੍ਰਧਾਨ ਸਾਧੂ ਕੁਮਾਰ ਅਤੇ ਹੋਰ ਮੈਂਬਰਾਂ ਨੇ ਪਵਨ ਕੁਮਾਰੀ ਸ਼ਰਮਾ ਦਾ ਸ਼੍ਰੀ ਰਾਮਚਰਿਤਮਾਨਸ ਭੇਟ ਕਰਕੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਜਲੂਸ ਬਾਜ਼ਾਰ ਵਿੱਚੋਂ ਲੰਘਿਆ, ਜਿੱਥੇ ਵੱਖ-ਵੱਖ ਥਾਵਾਂ 'ਤੇ ਸ਼ਰਧਾਲੂਆਂ ਦੁਆਰਾ ਇਸਦਾ ਨਿੱਘਾ ਸਵਾਗਤ ਕੀਤਾ ਗਿਆ। ਜਲੂਸ ਵਿੱਚ ਵੱਖ-ਵੱਖ ਧਾਰਮਿਕ ਝਾਕੀਆਂ ਖਿੱਚ ਦਾ ਕੇਂਦਰ ਸਨ। ਇਨ੍ਹਾਂ ਵਿੱਚੋਂ, ਅਘੋਰੀ ਝਾਕੀ, ਲਵ-ਕੁਸ਼ ਝਾਕੀ ਅਤੇ ਭਗਵਾਨ ਸ਼੍ਰੀ ਰਾਮ ਦੀ ਸ਼ਾਨਦਾਰ ਝਾਕੀ ਨੇ ਲੋਕਾਂ ਨੂੰ ਮੋਹਿਤ ਕੀਤਾ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ, ਅਤੇ ਜੈ ਸ਼੍ਰੀ ਰਾਮ ਦੇ ਜੈਕਾਰਿਆਂ ਨਾਲ ਮਾਹੌਲ ਸ਼ਰਧਾ ਨਾਲ ਭਰ ਗਿਆ। ਇਸ ਮੌਕੇ ਪਵਨ ਕੁਮਾਰੀ ਸ਼ਰਮਾ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਅਜਿਹੇ ਧਾਰਮਿਕ ਸਮਾਗਮਾਂ ਵਿੱਚ ਹਿੱਸਾ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਸਾਰੇ ਇਲਾਕਾ ਨਿਵਾਸੀਆਂ ਨੂੰ ਰਾਮ ਨੌਮੀ ਦੀ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਏਕਤਾ, ਭਾਈਚਾਰਾ ਅਤੇ ਧਾਰਮਿਕ ਭਾਵਨਾਵਾਂ ਨੂੰ ਮਜ਼ਬੂਤ ਕਰਦੇ ਹਨ। ਸੰਜੂ, ਕਿਸ਼ੋਰੀ, ਕਾਲਾ, ਉਜਾਲਾ ਬਖਸ਼ੀ, ਸੀਮਾ, ਬਲਬੀਰ ਕੌਰ, ਨਿਸਚਿੰਤ ਸ਼ਰਮਾ, ਮਹਿਲਾ ਮੋਰਚਾ ਕਾਲਕਾ ਮੰਡਲ ਪ੍ਰਧਾਨ, ਕਾਮਿਨੀ, ਸ਼ਿਵ ਕੁਮਾਰ, ਅਤੇ ਹੋਰ ਕਲੱਬ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

# ਪੰਡਿਤ ਚਿਰੰਜੀ ਲਾਲ ਸਰਕਾਰੀ ਕਾਲਜ ਨੇ ਰਚਨਾਤਮਕ ਲੇਖਣ 'ਤੇ ਇੱਕ ਗੈਸਟ ਲੈਕਚਰ ਦਾ ਆਯੋਜਨ ਕੀਤਾ

ਕਰਨਾਲ, 29 ਮਾਰਚ (ਪ.ਪ) :ਪੰਡਿਤ ਚਿਰੰਜੀ ਲਾਲ ਸਰਕਾਰੀ ਕਾਲਜ, ਕਰਨਾਲ ਨੇ ਸਾਂਝੇ ਤੌਰ 'ਤੇ ਐਨਐਸਐਸ ਯੂਨਿਟ ਅਤੇ ਅੰਗਰੇਜ਼ੀ ਵਿਭਾਗ ਦੁਆਰਾ ਆਯੋਜਿਤ ਰਚਨਾਤਮਕ ਲੇਖਣ ਅਤੇ ਰੋਮਾਂਸਵਾਦ 'ਤੇ ਇੱਕ ਗੈਸਟ ਲੈਕਚਰ ਦਾ ਆਯੋਜਨ ਕੀਤਾ। ਮੁੱਖ ਬੁਲਾਰੇ ਡਾ. ਵਿਕਾਸ ਸ਼ਰਮਾ, ਪ੍ਰੋਫੈਸਰ ਅਤੇ ਵਿਭਾਗ (ਅੰਗਰੇਜ਼ੀ) ਦੇ ਮੁਖੀ, ਚੌਧਰੀ ਚਰਨ ਸਿੰਘ ਯੂਨੀਵਰਸਿਟੀ, ਮੇਰਠ (ਉੱਤਰ ਪ੍ਰਦੇਸ਼) ਸਨ। ਉਨ੍ਹਾਂ ਨੇ ਐਮਏ ਅੰਗਰੇਜ਼ੀ ਅਤੇ ਬੀਏ ਆਨਰਜ਼ ਅੰਗਰੇਜ਼ੀ ਦੇ ਵਿਦਿਆਰਥੀਆਂ ਨੂੰ ਰਚਨਾਤਮਕ ਲੇਖਣ ਦੇ ਬੁਨਿਆਦੀ ਸਿਧਾਂਤਾਂ ਨਾਲ ਜਾਣੂ ਕਰਵਾਇਆ ਅਤੇ ਰੋਮਾਂਟਿਕ ਯੁੱਗ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ, ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਸਾਹਿਤਕ ਯੋਗਦਾਨਾਂ ਨੂੰ ਉਜਾਗਰ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਮੌਲਿਕਤਾ ਅਤੇ ਰਚਨਾਤਮਕ ਸੋਚ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ। ਇਹ ਪ੍ਰੋਗਰਾਮ ਪ੍ਰਿੰਸੀਪਲ ਡਾ. ਰੇਖਾ ਤਿਆਗੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸੀਨੀਅਰ ਟਿਊਟਰ ਜਰਨੈਲ ਸਿੰਘ ਨੇ ਤਾਲਮੇਲ ਵਿੱਚ ਮੁੱਖ ਭੂਮਿਕਾ ਨਿਭਾਈ। ਡਾ. ਸੰਜੀਵ ਨੇ ਸਟੇਜ ਦਾ ਸੰਚਾਲਨ ਕੀਤਾ।




# ਪੁਸ਼ਯ ਨਕਸ਼ਤਰ 'ਤੇ ਸਵਰਣ ਪ੍ਰਾਸ਼ਨ ਕੈਂਪ

ਕੁਰੂਕਸ਼ੇਤਰ, 29 ਮਾਰਚ (ਪ.ਪ) : ਪੁਸ਼ਯ ਨਕਸ਼ਤਰ ਦੇ ਮੌਕੇ 'ਤੇ ਸ਼੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਦੇ ਆਯੁਰਵੈਦਿਕ ਹਸਪਤਾਲ ਵਿਖੇ ਇੱਕ ਸਵਰਣ ਪ੍ਰਾਸ਼ਨ ਕੈਂਪ ਲਗਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਮਾਪਿਆਂ ਨੇ ਆਪਣੇ ਬੱਚਿਆਂ ਨਾਲ ਹਿੱਸਾ ਲਿਆ। ਕੁੱਲ 474 ਬੱਚਿਆਂ ਨੇ ਸਵਰਣ ਪ੍ਰਾਸ਼ਨ ਪ੍ਰਾਪਤ ਕੀਤਾ। ਇਹ ਕੈਂਪ ਵਾਈਸ ਚਾਂਸਲਰ ਪ੍ਰੋਫੈਸਰ ਵੈਦਿਆ ਕਰਤਾਰ ਸਿੰਘ ਧੀਮਾਨ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ, ਜਿਸਦਾ ਉਦੇਸ਼ ਬੱਚਿਆਂ ਦੇ ਸਮੁੱਚੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ।

# ਵਿਧਾਇਕ ਸਤਪਾਲ ਜੰਬਾ ਨੇ ਪੁੰਡਰੀਕ ਤੀਰਥ ਵਿਖੇ ਇਸ਼ਨਾਨ ਕੀਤਾ

ਪੁੰਡਰੀ, 29 ਮਾਰਚ (ਪ.ਪ) : ਚੈਤਰਾ ਨਵਰਾਤਰੀ ਦੇ ਦਸਵੇਂ ਦਿਨ ਦੇ ਸ਼ੁਭ ਮੌਕੇ 'ਤੇ, ਅੱਜ ਪੁੰਡਰੀ ਦੇ ਪਵਿੱਤਰ ਪੁੰਡਰੀਕ ਤੀਰਥ ਵਿਖੇ ਵਿਸ਼ਵਾਸ ਅਤੇ ਸ਼ਰਧਾ ਦਾ ਇੱਕ ਸ਼ਾਨਦਾਰ ਦ੍ਰਿਸ਼ ਦੇਖਣ ਨੂੰ ਮਿਲਿਆ। ਇਸ ਮੌਕੇ 'ਤੇ, ਵਿਧਾਇਕ ਸਤਪਾਲ ਜੰਬਾ ਤੀਰਥ ਸਥਾਨ 'ਤੇ ਪਹੁੰਚੇ, ਰਸਮੀ ਇਸ਼ਨਾਨ ਕੀਤਾ, ਦੀਵਾ ਜਗਾਇਆ ਅਤੇ ਖੇਤਰ ਦੀ ਖੁਸ਼ਹਾਲੀ, ਸ਼ਾਂਤੀ ਅਤੇ ਤੰਦਰੁਸਤੀ ਲਈ ਪ੍ਰਾਰਥਨਾ ਕੀਤੀ। ਸਵੇਰੇ ਭਰ ਸ਼ਰਧਾ ਅਤੇ ਅਧਿਆਤਮਿਕਤਾ ਦਾ ਮਾਹੌਲ ਰਿਹਾ। ਵਿਧਾਇਕ ਜੰਬਾ ਨੇ ਤੀਰਥ ਸਥਾਨ ਦੀ ਪਵਿੱਤਰਤਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਾਰਿਆਂ ਦੇ ਜੀਵਨ ਵਿੱਚ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਆਪਣੇ ਸੰਬੋਧਨ ਵਿੱਚ, ਵਿਧਾਇਕ ਸਤਪਾਲ ਜੰਬਾ ਨੇ ਕਿਹਾ ਕਿ ਪੁੰਡਰੀਕ ਤੀਰਥ ਸਾਡੇ ਵਿਸ਼ਵਾਸ ਅਤੇ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਕੇਂਦਰ ਹੈ। ਚੈਤਰਾ ਨਵਰਾਤਰੀ ਦੇ ਇਸ ਸ਼ੁਭ ਮੌਕੇ 'ਤੇ, ਉਨ੍ਹਾਂ ਨੇ ਇੱਥੇ ਇਸ਼ਨਾਨ ਕੀਤਾ ਅਤੇ ਦੀਵਾ ਜਗਾਇਆ, ਖੇਤਰ ਦੀ ਖੁਸ਼ਹਾਲੀ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਦੇਵੀ ਮਾਂ ਦਾ ਆਸ਼ੀਰਵਾਦ ਸਾਰਿਆਂ 'ਤੇ ਬਣਿਆ ਰਹੇ ਅਤੇ ਸਾਡਾ ਖੇਤਰ ਤਰੱਕੀ ਕਰਦਾ ਰਹੇ। ਉਨ੍ਹਾਂ ਕਿਹਾ ਕਿ ਧਾਰਮਿਕ ਪਰੰਪਰਾਵਾਂ ਸਾਨੂੰ ਸਾਡੀ ਸੰਸਕ੍ਰਿਤੀ ਨਾਲ ਜੋੜਦੀਆਂ ਹਨ ਅਤੇ ਸਮਾਜ ਵਿੱਚ ਸਕਾਰਾਤਮਕ ਊਰਜਾ ਭਰਦੀਆਂ ਹਨ।



# ਵਾਤਾਵਰਣ-ਅਨੁਕੂਲ ਉਤਪਾਦਾਂ ਦੀ ਵਰਤੋਂ 'ਤੇ ਇੱਕ ਗਤੀਵਿਧੀ ਦਾ ਆਯੋਜਨ

ਅੰਬਾਲਾ, 29 ਮਾਰਚ (ਪ.ਪ) : ਜੀਐਮਐਨ ਕਾਲਜ ਨੇ ਨੈਸ਼ਨਲ ਐਜੂਕੇਸ਼ਨ ਟਰੱਸਟ ਦੀ ਸਰਪ੍ਰਸਤੀ ਹੇਠ ਚਲਾਈ ਜਾ ਰਹੀ ਦੋ-ਹਫ਼ਤੇ ਦੀ ਚੁਣੌਤੀ ਦੇ ਹਿੱਸੇ ਵਜੋਂ ਵਾਤਾਵਰਣ-ਅਨੁਕੂਲ ਉਤਪਾਦਾਂ ਦੀ ਵਰਤੋਂ ਕਿਵੇਂ ਕਰੀਏ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਵਾਲੀ ਅਤੇ ਰਚਨਾਤਮਕ ਗਤੀਵਿਧੀ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਪ੍ਰੋਗਰਾਮ ਪ੍ਰਬੰਧਨ ਵਿਭਾਗ, ਸਮਾਜ ਸ਼ਾਸਤਰ ਵਿਭਾਗ, ਇਨਕਿਊਬੇਸ਼ਨ ਸੈਂਟਰ ਅਤੇ ਐਸਡੀਜੀ ਕਲੱਬ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਮਜ਼ਬੂਤ ? ?ਕਰਨਾ ਸੀ। ਪ੍ਰੋਗਰਾਮ ਦੌਰਾਨ, ਵਿਦਿਆਰਥੀਆਂ ਨੇ ਵਾਤਾਵਰਣ ਸੁਰੱਖਿਆ ਅਤੇ ਵਾਤਾਵਰਣ-ਅਨੁਕੂਲ ਉਤਪਾਦਾਂ ਦੀ ਵਰਤੋਂ ਨਾਲ ਸਬੰਧਤ ਆਪਣੇ ਨਵੀਨਤਾਕਾਰੀ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਨੇ ਪਲਾਸਟਿਕ ਵਿਕਲਪਾਂ, ਰੀਸਾਈਕਲਿੰਗ ਅਤੇ ਟਿਕਾਊ ਵਿਕਾਸ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦਿੱਤੀਆਂ।

# ਪੰਜਾਬ ਵਿਚ ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ

ਪੰਜਾਬ ਵਿਚ ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਕੋਈ ਨੌਕਰੀ ਛੇਤੀ ਛੇਤੀ ਨਹੀਂ ਮਿਲਦੀ। ਮਾਪੇ ਅਪਨੀਆਂ ਧੀਆਂ ਨੂੰ ਬਾਹਰਲੇ ਮੁਲਕਾਂ ਵਿਚ ਭੇਜ ਰਹੇ ਹਨ ਕਿ ਉਨ੍ਹਾਂ ਦੀ ਧੀ ਬਾਹਰ ਜਾ ਕੇ ਅਪਨੇ ਪੈਰਾਂ ਉਤੇ ਖੜੀ ਹੋ ਜਾਵੇਗੀ ਅਤੇ ਘਰ ਦੀ ਗ਼ਰੀਬੀ ਦੂਰ ਹੋ ਜਾਵੇਗੀ। ਮਾਪੇ ਇਸ ਤਰ੍ਹਾਂ ਦੀਆਂ ਆਸਾਂ ਲਾਉਂਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੀ ਧੀ ਨੂੰ ਬਾਹਰਲੇ ਮੁਲਕ ਵਿਚ ਕੀ ਕੁੱਝ ਸਹਾਰਨਾ ਪੈਂਦਾ ਹੈ? ਇਸ ਗੱਲ ਤੋਂ ਅਨਜਾਣ ਮਾਪਿਆਂ ਨੂੰ ਕਦੇ ਵੀ ਅਪਨੀ ਧੀ ਨੂੰ ਇਕੱਲੀ ਬਾਹਰਲੇ ਮੁਲਕ ਵਿਚ ਨਹੀਂ ਭੇਜਣਾ ਚਾਹੀਦਾ ਕਿਉਂਕਿ ਖ਼ਾਸ ਕਰ ਕੇ ਯੂਰਪੀ ਮੁਲਕਾਂ ਵਿਚ ਸ਼ਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਦਿਸਦੀ।

ਜ਼ਿਆਦਾਤਰ ਕੁੜੀਆਂ-ਮੁੰਡਿਆਂ ਨੂੰ ਖੁੱਲ੍ਹ ਹੈ ਕਿ ਉਹ ਕੁੱਝ ਵੀ ਕਰੀ ਜਾਣ, ਕਿਸੇ ਨੂੰ ਕੋਈ ਰੋਕ-ਟੋਕ ਨਹੀਂ। ਏਨੇ ਖੁੱਲ੍ਹੇ ਮਾਹੌਲ ਵਿਚ ਸਾਡੀਆਂ ਪੰਜਾਬ ਦੀਆਂ ਜ਼ਿਆਦਾਤਰ ਕੁੜੀਆਂ ਵੀ ਬਾਹਰਲੇ ਮੁਲਕਾਂ ਵਾਲੀਆਂ ਕੁੜੀਆਂ ਵਾਂਗ ਪਹਿਰਾਵਾ ਪਾਉਂਦੀਆਂ ਹਨ ਅਤੇ ਉਨ੍ਹਾਂ ਵਾਂਗ ਹੀ ਹੋ ਜਾਂਦੀਆਂ ਹਨ। ਸਾਈਪ੍ਰਸ ‘ਚ ਰੁਜ਼ਗਾਰ ਦੀ ਭਾਲ ਵਿਚ ਜਾਣ ਦੌਰਾਨ ਮੈਂ ਵੇਖਿਆ ਹੈ ਕਿ ਇਸ ਮੁਲਕ ਦੀਆਂ ਕੁੜੀਆਂ ਸ਼ਰਾਬ ਅਤੇ ਬੀਅਰਾਂ ਬਹੁਤ ਪੀਂਦੀਆਂ ਹਨ। ਇਨ੍ਹਾਂ ਨੂੰ ਸ਼ਰਾਬ ਦੇ ਨਸ਼ੇ ਵਿਚ ਟੱਲੀ ਹੋ ਕੇ ਡਿਗਦੀਆਂ ਨੂੰ ਮੈਂ ਕਈ ਵਾਰ ਵੇਖਿਆ ਹੈ। ਇਨ੍ਹਾਂ ਕੁੜੀਆਂ ਦੇ ਮਾਪਿਆਂ ਨੂੰ ਕੋਈ ਸ਼ਰਮ ਮਹਿਸੂਸ ਨਹੀਂ ਹੁੰਦੀ ਕਿਉਂਕਿ ਇਹ ਕੁੜੀਆਂ ਅਪਨੇ ਮਾਪਿਆਂ ਸਾਹਮਣੇ ਹੀ ਪੀਂਦੀਆਂ ਹਨ। ਮੇਰੇ ਪੰਜਾਬ ਦੀਆਂ ਕੁੜੀਆਂ ਵੀ ਹੁਣ ਇਨ੍ਹਾਂ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ। ਬਹੁਤ ਕੁੜੀਆਂ ਸ਼ਰਾਬ ਅਤੇ ਬੀਅਰਾਂ ਪੀਣ ਲੱਗ ਪਈਆਂ ਹਨ ਜੋ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਇਸ ਸਮੇਂ ਨਸ਼ਿਆਂ ਦਾ ਏਨਾ ਦੌਰ ਚੱਲ ਰਿਹਾ ਹੈ ਕਿ ਪੰਜਾਬ ਦੇ ਮੁੰਡੇ ਪੱਕੇ ਨਸ਼ਈ ਬਣਦੇ ਜਾ ਰਹੇ ਹਨ। ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਜ਼ਿਆਦਾ ਵੱਧ ਹੋ ਜਾਣ ਕਰ ਕੇ ਅਨੇਕਾਂ ਘਰਾਂ ਦੇ ਦੀਵੇ ਬੁੱਝ ਚੁੱਕੇ ਹਨ। ਇਨ੍ਹਾਂ ਨਸ਼ਿਆਂ ਨੂੰ ਰੋਕਣ ਲਈ ਪਿਛਲੇ ਮਹੀਨਿਆਂ ਵਿਚ ਸਾਡੀ ਬਾਦਲ ਸਰਕਾਰ ਨੇ ਵੀ ਬੀੜਾ ਚੁਕਿਆ ਸੀ ਪਰ ਨਸ਼ਾ ਛੁਡਵਾਉਣ ਦੀ ਮੁਹਿੰਮ ਠੁੱਸ ਹੋ ਗਈ ਅਤੇ ਨਸ਼ੇ ਵਾਲੇ ਰਾਹ ਫਿਰ ਖੁੱਲ੍ਹੇ ਹੋ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਬਚ ਨਹੀਂ ਸਕਦੀ। ਪਿੰਡਾਂ ਦੀਆਂ ਔਰਤਾਂ ਨੇ ਵੀ ਨਸ਼ਿਆਂ ਦਾ ਵਿਰੋਧ ਕਰ ਕੇ ਇਸ ਨੂੰ ਖ਼ਤਮ ਕਰਨ ਲਈ ਝੰਡਾ ਚੁਕਿਆ ਸੀ ਪਰ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਕਰ ਕੇ ਇਹ ਨਸ਼ਾ ਬੰਦ ਨਾ ਹੋਇਆ।

ਹੁਣ ਚਿੰਤਾ ਇਸ ਗੱਲ ਦੀ ਸਤਾਉਣ ਲੱਗ ਪਈ ਹੈ ਕਿ ਬਾਹਰਲੇ ਮੁਲਕਾਂ ਵਿਚ ਵੀ ਸਾਡੀਆਂ ਪੰਜਾਬ ਦੀਆਂ ਧੀਆਂ ਸ਼ਰਾਬ ਵਰਗੇ ਨਸ਼ੇ ਕਰਨ ਲੱਗ ਪਈਆਂ ਤਾਂ ਹੁਣ ਮੇਰੇ ਪੰਜਾਬ ਦਾ ਕੀ ਬਣੇਗਾ? ਇਨ੍ਹਾਂ ਕੁੜੀਆਂ ਨੇ ਅਪਨੇ ਵਿਆਹ ਵੀ ਕਰਾਉਣੇ ਹਨ। ਕੀ ਇਹ ਅਪਨੇ ਪਤੀਆਂ ਵਲੋਂ ਸ਼ਰਾਬ ਪੀਣ ਦਾ ਵਿਰੋਧ ਕਰਨਗੀਆਂ? ਕਲ ਨੂੰ ਇਨ੍ਹਾਂ ਨੇ ਮਾਵਾਂ ਵੀ ਬਣਨਾ ਹੈ। ਕੀ ਇਹ ਅਪਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਚੰਗੇ ਸੰਸਕਾਰ ਦੇਣਗੀਆਂ ਅਤੇ ਗੁਰੂਆਂ ਦੀ ਬਾਣੀ ਬਾਰੇ ਗਿਆਨ ਦੇਣਗੀਆਂ? ਇਹ ਇਕ ਅਹਿਮ ਸਵਾਲ ਹੈ ਜਿਸ ਦਾ ਜਵਾਬ ਕੌਣ ਦੇਵੇਗਾ?

ਵਿਦੇਸ਼ਾਂ ਵਿਚ ਰਹਿੰਦੇ ਸਾਡੇ ਪੰਜਾਬੀ ਮੁੰਡੇ ਅਪਨੀਆਂ ਹਮਵਤਨ ਕੁੜੀਆਂ ਨੂੰ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦੇ ਹਨ। ਇਹ ਸੱਭ ਕੁੱਝ ਇਕੱਲੇ ਸਾਈਪ੍ਰਸ ਵਿਚ ਹੀ ਨਹੀਂ ਹੋਰ ਵੀ ਕਈ ਦੇਸ਼ਾਂ ‘ਚ ਇੰਜ ਹੋ ਰਿਹਾ ਹੈ। ਪਰ ਜੋ ਮੈਂ ਸਾਈਪ੍ਰਸ ਵਿਚ ਅਪਨੇ ਅੱਖੀਂ ਵੇਖਿਆ ਹੈ, ਉਹੀ ਲਿਖ ਰਿਹਾ ਹਾਂ। ਬਹੁਤੇ ਮੁੰਡਿਆਂ ਨੇ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਕਈ ਕੁੜੀਆਂ ਦੀ ਜ਼ਿੰਦਗੀ ਬਰਬਾਦ ਕਰ ਦਿਤੀ ਹੈ। ਬਹੁਤ ਕੁੜੀਆਂ ਸਾਈਪ੍ਰਸ ਵਿਚ ਗਰਭਪਾਤ ਵੀ ਕਰਵਾ ਚੁੱਕੀਆਂ ਹਨ ਪਰ ਉਹ ਮੁੰਡੇ ਇਨ੍ਹਾਂ ਕੁੜੀਆਂ ਨੂੰ ਛੱਡ ਕੇ ਪੰਜਾਬ ਤੋਂ ਨਵੀਆਂ ਆਉਂਦੀਆਂ ਕੁੜੀਆਂ ਨੂੰ ਵਿਆਹ ਕਰਾਉਣ ਦਾ ਲਾਰਾ ਲਾ ਕੇ ਉਨ੍ਹਾਂ ਦਾ ਵੀ ਸਰੀਰਕ ਸ਼ੋਸ਼ਣ ਕਰੀ ਜਾਂਦੇ ਹਨ। ਪਤਾ ਨਹੀਂ ਕਿੰਨੀਆਂ ਹੀ ਕੁੜੀਆਂ ਇਕ ਮੁੰਡੇ ਦੇ ਹੱਥੋਂ ਜ਼ਿੰਦਗੀ ਬਰਬਾਦ ਕਰਵਾ ਚੁਕੀਆਂ ਹੋਣਗੀਆਂ, ਇਸ ਦਾ ਅੰਦਾਜ਼ਾ ਲਾਉਣਾ ਬੜਾ ਮੁਸ਼ਕਲ ਹੈ। ਇਹ ਕੁੜੀਆਂ ਯੂਰਪ ਵਿਚ ਕਿਸੇ ਦੀ ਰੋਕ-ਟੋਕ ਅਤੇ ਅਪਨੇ ਪ੍ਰਵਾਰ ਨਾ ਹੋਣ ਕਰ ਕੇ ਗ਼ਲਤ ਰਸਤੇ ਵਲ ਪੈ ਰਹੀਆਂ ਹਨ। ਕੁੱਝ ਕੁੜੀਆਂ ਅਜਿਹੀਆਂ ਵੀ ਹਨ ਜਿਹੜੀਆਂ ਇਹੋ ਜਿਹੇ ਮੁੰਡਿਆਂ ਤੋਂ ਦੂਰ ਰਹਿਣਾ ਚਾਹੁੰਦੀਆਂ ਹਨ ਪਰ ਸਿਆਣਿਆਂ ਦੀ ਕਹਾਵਤ ਹੈ ਜੇਕਰ ਇਕ ਕੁੱਤੇ ਨੂੰ ਚਾਰ-ਪੰਜ ਕੁੱਤੇ ਸੁੱਟ ਲੈਣ ਤਾਂ ਉਹ ਇਕੱਲਾ ਕੁੱਤਾ ਕਿੱਥੇ ਭੱਜੇਗਾ? ਮੇਰਾ ਕਹਿਣ ਦਾ ਮਤਲਬ ਹੈ ਕਿ ਮੁੰਡਿਆਂ ਦੇ ਚੱਕਰਾਂ ਵਿਚ ਪਈਆਂ ਕੁੜੀਆਂ ਹੋਰਨਾਂ ਨੂੰ ਵੀ ਅਪਨੇ ਵਾਂਗ ਕਰ ਲੈਂਦੀਆਂ ਹਨ। ਇਹ ਮੁੰਡੇ ਇਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਨਾਲ ਇਨ੍ਹਾਂ ਕੁੜੀਆਂ ਤੋਂ ਪੈਸੇ ਵੀ ਖਾਂਦੇ ਹਨ। ਵਾਪਸ ਕਰਨ ਦੀ ਗੱਲ ਕਹਿ ਕੇ ਉਹ ਕੁੜੀਆਂ ਤੋਂ ਪੈਸੇ ਲੈ ਤਾਂ ਲੈਂਦੇ ਹਨ ਪਰ ਜਦੋਂ ਕੁੜੀਆਂ ਅਪਨੇ ਪੈਸੇ ਵਾਪਸ ਮੰਗਦੀਆਂ ਹਨ ਤਾਂ ਉਹ ਕੁੜੀਆਂ ਨੂੰ ਬਲੈਕਮੇਲ ਕਰਦੇ ਹਨ। ਕੁੜੀਆਂ ਵਿਚਾਰੀਆਂ ਡਰਦੀਆਂ ਕੁੱਝ ਵੀ ਨਹੀਂ ਕਰ ਸਕਦੀਆਂ। ਕਈ ਕੁੜੀਆਂ ਦੇ ਦੱਸਣ ਤੋਂ ਪਤਾ ਲਗਿਆ ਕਿ ਉਹ ਅਪਨੇ ਮਾਪਿਆਂ ਨੂੰ ਮਾਲਕਾਂ ਵਲੋਂ ਅਜੇ ਤਨਖ਼ਾਹ ਨਾ ਦੇਣ ਦਾ ਝੂਠ ਮਾਰ ਰਹੀਆਂ ਹਨ। ਉਹ ਅਪਨੇ ਮਾਪਿਆਂ ਨੂੰ ਅਸਲ ਹੱਡਬੀਤੀ ਵੀ ਨਹੀਂ ਕਹਿ ਸਕਦੀਆਂ ਅਤੇ ਅਪਨੀ ਕਿਸਮਤ ਨੂੰ ਕੋਸਦੀਆਂ ਰਹਿੰਦੀਆਂ ਹਨ।

ਪਿੱਛੇ ਜਿਹੇ ਇਕ ਕੁੜੀ ਨੇ ਦਰਿਆ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਦੀਆਂ ਸਹੇਲੀਆਂ ਨੇ ਉਸ ਨੂੰ ਮਸਾਂ ਰੋਕ-ਰੋਕ ਰਖਿਆ। ਮੈਂ ਅਤੇ ਮੇਰਾ ਦੋਸਤ ਕੁਲਦੀਪ ਸਿੰਘ ਜਲਾਲਦੀਵਾਲਵਾਲਾ ਗੁਰੂਘਰ ਤੋਂ ਮੱਥਾ ਟੇਕ ਕੇ ਦਰਿਆ ਕੋਲੋਂ ਲੰਘ ਰਹੇ ਸੀ। ਉੱਥੇ ਕਾਫ਼ੀ ਗੋਰੇ ਲੋਕ ਵੀ ਇਕੱਠੇ ਹੋਏ ਸਨ ਅਤੇ ਪੁੱਛ ਰਹੇ ਸੀ ਕਿ ‘ਇਹ ਭਾਰਤੀ ਕੁੜੀ ਕਿਉਂ ਮਰ ਰਹੀ ਹੈ?’ ਉਹ ਕਹਿ ਰਹੀ ਸੀ ‘ਮੈਨੂੰ ਮਰ ਜਾਣ ਦੇ ਮੇਰੀ ਜ਼ਿੰਦਗੀ ਬਰਬਾਦ ਤਾਂ ਹੋ ਈ ਚੁੱਕੀ ਹੈ।’ ਉਹ ਭੁੱਬਾਂ ਮਾਰ ਕੇ ਰੋ ਰਹੀ ਸੀ ਅਤੇ ਅਪਨੀਆਂ ਸਹੇਲੀਆਂ ਕੋਲੋਂ ਹੱਥ ਛੁਡਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ। ਕਾਫ਼ੀ ਜੱਦੋਜਹਿਦ ਮਗਰੋਂ ਉਹ ਕੁੜੀ ਨੂੰ ਦਰਿਆ ਤੋਂ ਪਾਸੇ ਲੈ ਆਈਆਂ ਅਤੇ ਉਸ ਨੂੰ ਸ਼ਾਂਤ ਹੋ ਜਾਣ ਲਈ ਕਹਿ ਰਹੀਆਂ ਸਨ। ਉਨ੍ਹਾਂ ਗੋਰੇ ਲੋਕਾਂ ਨੂੰ ਇਸ ਗੱਲ ਦਾ ਫ਼ਿਕਰ ਸਤਾ ਰਿਹਾ ਸੀ ਕਿ ਇਹ ਕੁੜੀ ਕਿਉਂ ਮਰ ਰਹੀ ਹੈ? ਅਸੀ ਵੀ ਉਨ੍ਹਾਂ ਗੋਰੇ ਲੋਕਾਂ ਕੋਲ ਹੀ ਖੜੇ ਸੀ। ਅਸੀ ਵੀ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੁੜੀਆਂ ਨੇ ਦੱਸਣ ਦੀ ਜ਼ਰੂਰਤ ਨਾ ਸਮਝੀ। ਉਸ ਕੁੜੀ ਨੂੰ ਰੋਂਦੀ ਵੇਖ ਕੇ ਹੋਰ ਵੀ ਬਹੁਤ ਸਾਰੇ ਲੋਕ ਉਥੇ ਇਕੱਠੇ ਹੋ ਗਏ ਅਤੇ ਹੋਰ ਲੋਕ ਵੀ ਉਸ ਕੁੜੀ ਦੀਆਂ ਸਹੇਲੀਆਂ ਤੋਂ ਪੁੱਛਣ ਲੱਗੇ ਕਿ ਆਖ਼ਰ ਗੱਲ ਕੀ ਹੋਈ ਹੈ ਅਤੇ ਕਿਉਂ ਇਹ ਕੁੜੀ ਦਰਿਆ ਵਿਚ ਛਾਲ ਮਾਰ ਰਹੀ ਹੈ? ਫਿਰ ਆਖ਼ਰ ਨੂੰ ਉਨ੍ਹਾਂ ਕੁੜੀਆਂ ਨੇ ਭਾਵੁਕ ਜਿਹੀਆਂ ਹੁੰਦੀਆਂ ਕਿਹਾ ਕਿ ਇਸ ਕੁੜੀ ਨਾਲ ਇਕ ਪੰਜਾਬੀ ਮੁੰਡੇ ਨੇ ਵਿਆਹ ਕਰਾਉਣ ਦਾ ਵਾਅਦਾ ਕੀਤਾ ਸੀ ਅਤੇ ਇਹ ਕੁੜੀ ਦੋ ਵਾਰ ਗਰਭਪਾਤ ਵੀ ਕਰਵਾ ਚੁੱਕੀ ਹੈ। ਇਸ ਨਾਲ ਕਾਫ਼ੀ ਚਿਰ ਉਹ ਮੁੰਡਾ ਸਰੀਰਕ ਸ਼ੋਸ਼ਣ ਵੀ ਕਰਦਾ ਰਿਹਾ ਅਤੇ ਉਸ ਕੋਲੋਂ ਕਾਫ਼ੀ ਪੈਸੇ ਵੀ ਉਧਾਰੇ ਲਏ ਸਨ। ਪਰ ਹੁਣ ਉਸ ਨਾਲ ਵਿਆਹ ਕਰਾਉਣ ਤੋਂ ਉਹ ਸ਼ਰੇਆਮ ਮੁੱਕਰ ਗਿਆ ਹੈ ਅਤੇ ਪੈਸੇ ਦੇਣ ਤੋਂ ਵੀ ਜਵਾਬ ਦੇ ਦਿਤਾ ਹੈ। ਕੁੱਝ ਦਿਨ ਪਹਿਲਾਂ ਹੀ ਉਹ ਮੁੰਡਾ ਪੰਜਾਬ ਚਲਾ ਗਿਆ। ਉਸ ਮੁੰਡੇ ਦਾ ਥਾਂ ਟਿਕਾਣਾ ਕਿਸੇ ਨੂੰ ਪਤਾ ਨਹੀਂ। ਬਹੁਤ ਸਾਰੀਆਂ ਕੁੜੀਆਂ ਇਹੋ ਜਿਹੇ ਮੁੰਡਿਆਂ ਦੇ ਜਾਲ ਵਿਚ ਫੱਸ ਕੇ ਅਪਨੀ ਜ਼ਿੰਦਗੀ ਬਰਬਾਦ ਕਰ ਚੁੱਕੀਆਂ ਹਨ।

ਸਾਈਪ੍ਰਸ ਵਿਚ ਅਜਿਹੀਆਂ ਕੁੜੀਆਂ ਦਾ ਬਹੁਤ ਬੁਰਾ ਹਾਲ ਹੈ ਜੋ ਮਾਪਿਆਂ ਤੋਂ ਦੂਰ ਗ਼ਲਤ ਮੁੰਡਿਆਂ ਦੇ ਚੱਕਰਾਂ ਵਿਚ ਪੈ ਕੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਚੁੱਕੀਆਂ ਹਨ। ਮੁੰਡੇ ਸਿਰਫ਼ ਅਪਨੀ ਕਾਮ ਦੀ ਭੁੱਖ ਮਿਟਾਉਣ ਲਈ ਇਨ੍ਹਾਂ ਕੁੜੀਆਂ ਨਾਲ ਵਿਆਹ ਕਰਾਉਣ ਦਾ ਝੂਠਾ ਲਾਰਾ ਲਾ ਕੇ ਉਨ੍ਹਾਂ ਨਾਲ ਸਰੀਰਕ ਸਬੰਧ ਬਣਾਉਂਦੇ ਹਨ ਤੇ ਬਾਅਦ ਵਿਚ ਵਿਆਹ ਕਰਾਉਣ ਤੋਂ ਮੁਕਰ ਜਾਂਦੇ ਹਨ ਤੇ ਪੰਜਾਬ ਨੂੰ ਭੱਜ ਜਾਂਦੇ ਹਨ। ਪਿੱਛੇ ਇਹ ਕੁੜੀਆਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦੀਆਂ ਹਨ।

ਕੁੱਝ ਕੁ ਕੁੜੀਆਂ ਹੀ ਇਸ ਮਾੜੇ ਹਾਲ ਦੀ ਲਪੇਟ ਵਿਚੋਂ ਬਚੀਆਂ ਹਨ ਨਹੀਂ ਤਾਂ ਬਹੁਤੀਆਂ ਕੁੜੀਆਂ ਅਪਨੀਆਂ ਜ਼ਿੰਦਗੀਆਂ ਬਰਬਾਦ ਕਰ ਚੁੱਕੀਆਂ ਹਨ ਇੱਥੇ ਕੁੱਝ ਕੁੜੀਆਂ ਤੋਂ ਪਤਾ ਲਗਿਆ ਹੈ ਕਿ ਉਹ ਸ਼ਰਾਬ ਦੀ ਪਿਆਲੀ ਵੀ ਉਹ ਮੁੰਡਿਆਂ ਨੂੰ ਭੁਲਾਉਣ ਲਈ ਪੀਂਦੀਆਂ ਹਨ ਜੋ ਉਨ੍ਹਾਂ ਤੋਂ ਵਿਆਹ ਕਰਾਉਣ ਲਈ ਮੁਕਰੇ ਹਨ। ਇਸ ਲਈ ਮੇਰੀ ਮਾਪਿਆਂ ਨੂੰ ਬੇਨਤੀ ਹੈ ਕਿ ਅਪਨੀਆਂ ਕੁੜੀਆਂ ਬਾਹਰਲੇ ਮੁਲਕਾਂ ਵਿਚ ਸੋਚ ਵਿਚਾਰ ਕੇ ਭੇਜੋ ਤਾਕਿ ਇਹ ਕੁੜੀਆਂ ਅਪਨੀ ਜ਼ਿੰਦਗੀ ਬਰਬਾਦ ਹੋਣ ਤੋਂ ਬਚਾ ਸਕਣ।

# ਮਿਸਾਲਾਂ ਇੱਥੇ ਮੁੱਕਣ ਵਾਲੀਆਂ ਨਹੀ

**ਮਿਸਾਲਾਂ ਇੱਥੇ ਮੁੱਕਣ ਵਾਲੀਆਂ ਨਹੀਂ। ਸੰਘ ਪਰਿਵਾਰ ਦੀ ਸੋਚ ਦਾ ਤੜਕਾ ਹੋਰਨਾਂ ਨੂੰ ਵੀ ਲੱਗਿਆ ਹੋਇਆ ਹੈ। ਤਿਲੰਗਾਨਾ ਵਿੱਚ ਭਾਜਪਾ ਦੀ ਨਹੀਂ, ਟੀ ਆਰ ਐੱਸ ਦੀ ਸਰਕਾਰ ਹੈ, ਪਰ ਉਹ ਤੁਅੱਸਬੀ ਤੜਕੇ ਨਾਲ ਵੱਧ ਤੜਕੀ ਹੋਣ ਦਾ ਪ੍ਰਭਾਵ ਦਿੰਦੀ ਆਈ ਹੈ। ਹੈਦਰਾਬਾਦ ਉੱਤੇ ਔਰੰਗਜ਼ੇਬੀ ਜਰਨੈਲਾਂ ਦੇ ਕਬਜ਼ੇ ਤੋਂ ਪਹਿਲਾਂ 171 ਸਾਲਾਂ ਤਕ ਗੋਲਕੁੰਡਾ ਰਿਆਸਤ ਉੱਤੇ ਹਕੂਮਤ ਕਰਨ ਵਾਲੇ ਕੁਤੁਬਸ਼ਾਹੀ ਖ਼ਾਨਦਾਨ ਨਾਲ ਜੁੜੀਆਂ ਦੋ ਤਾਕਤਵਰ ਬੀਬੀਆਂ; ਮਰੀਅਮ ਬੇਗਮ ਤੇ ਹਯਾਤ ਬਖ਼ਸ਼ੀ ਬੇਗਮ ਦੇ ਮਕਬਰਿਆਂ ਦੀ ਮੁਰੰਮਤ ਅਤੇ ਸ਼ਾਨ-ਬਹਾਲੀ ਲਈ ਕਰਾਚੀ ਦੇ ਇੱਕ ਕਾਰੋਬਾਰੀ ਕਮਾਲ ਬਖ਼ਸ਼ ਸੂਫ਼ੀ ਵੱਲੋਂ ਆਈਆਂ 21-21 ਕਰੋੜ ਰੁਪਏ ਦੀਆਂ ਦੋ ਗਰਾਂਟਾਂ ਤਿਲੰਗਾਨਾ ਸਰਕਾਰ ਨੇ ਇਸ ਆਧਾਰ ਉੱਤੇ ਵਾਪਸ ਕਰ ਦਿੱਤੀਆਂ ਕਿ ਉਹ ਪਾਕਿਸਤਾਨੀਆਂ ਤੋਂ ਮਦਦ ਲੈਣ ਦੇ ਹੱਕ ਵਿੱਚ ਨਹੀਂ।**

ਅਲਬਰਟ ਆਈਨਸਟਾਈਨ ਨੇ 1942 ਵਿੱਚ ਲਿਖਿਆ ਸੀ ਕਿ ਅਕਾਦਮਿਕਤਾ ਨੂੰ ਫਿਰਕੂਪੁਣੇ ਤੇ ਤੰਗਦਿਲੀ ਤੋਂ ਮੁਕਤ ਰੱਖਿਆ ਜਾਣਾ ਚਾਹੀਦਾ ਹੈ, ਪਰ ਅਜਿਹੀ ਸੰਜੀਦਾ ਸਲਾਹ ਉੱਤੇ ਸਰਕਾਰਾਂ ਅਤੇ ਉਨ੍ਹਾਂ ਦੀਆਂ ਏਜੰਸੀਆਂ ਘੱਟ ਹੀ ਅਮਲ ਕਰਦੀਆਂ ਹਨ। ਸਰਕਾਰੀ ਏਜੰਸੀਆਂ ਵੱਲੋਂ ਖ਼ਾਲਸ ਅਕਾਦਮਿਕ ਤੇ ਸਮਾਜਿਕ ਪ੍ਰਾਜੈਕਟ ਠੱਪ ਕਰਨ ਦੀ ਕਹਾਣੀ ਸੀਨੀਅਰ ਪਾਕਿਸਤਾਨੀ ਕਾਲਮ ਨਵੀਸ ਖ਼ਾਲਿਦ ਅਹਿਮਦ ਨੇ ਪੇਸ਼ ਕੀਤੀ ਹੈ। ‘ਇੰਡੀਅਨ ਐਕਸਪ੍ਰੈੱਸ’ ਵਿੱਚ ਛਪੇ ਉਸ ਦੇ ਕਾਲਮ ਮੁਤਾਬਿਕ ਇਹ ਕਹਾਣੀ ਗਵਰਨਮੈਂਟ ਕਾਲਜ ਲਾਹੌਰ ਦੇ ਇੰਸਟੀਟਿਊਟ ਆਫ਼ ਸਾਊਥ ਇੰਡੀਅਨ ਸਟੱਡੀਜ਼ ਦੀ ਸਥਾਪਨਾ ਨਾਲ ਸਬੰਧਤ ਹੈ। ਇਸ ਕਾਲਜ ਨੂੰ 2002 ਵਿੱਚ ਯੂਨੀਵਰਸਿਟੀ ਦਾ ਰੁਤਬਾ ਮਿਲ ਗਿਆ ਸੀ। ਇਹ ਉਹ ਕਾਲਜ ਹੈ, ਜਿੱਥੇ ਅਲਾਮਾ ਇਕਬਾਲ, ਫ਼ੈਜ਼ ਅਹਿਮਦ ਫ਼ੈਜ਼, ਖ਼ੁਸ਼ਵੰਤ ਸਿੰਘ, ਦੇਵ ਆਨੰਦ, ਬਲਰਾਜ ਸਾਹਨੀ ਅਤੇ ਦੋਵਾਂ ਪੰਜਾਬਾਂ ਦੀਆਂ ਕਈ ਹੋਰ ਨਾਮਵਰ ਹਸਤੀਆਂ ਪੜ੍ਹੀਆਂ। ਇਨ੍ਹਾਂ ਹਸਤੀਆਂ ਵਿੱਚ ਮਦਨਜੀਤ ਸਿੰਘ ਵੀ ਸਨ, ਜੋ ਲਾਹੌਰ ਦੇ ਜੰਮਪਲ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਉਨ੍ਹਾਂ ਦੀ ਰਿਹਾਇਸ਼ ਸਾਈਂ ਮੀਆਂ ਮੀਰ ਦੇ ਮਕਬਰੇ ਨੇੜੇ ਸੀ ਅਤੇ ਫ਼ੈਜ਼ ਉਨ੍ਹਾਂ ਦਾ ਕਾਲਜ ਸਮੇਂ ਦਾ ਮਿੱਤਰ ਸੀ। ਸਾਲ 1953 ਤੋਂ ਭਾਰਤੀ ਵਿਦੇਸ਼ ਸੇਵਾ ਵਿੱਚ ਦਾਖ਼ਲੇ ਤੋਂ ਬਾਅਦ ਮਦਨਜੀਤ 1995 ਤਕ ਸੋਵੀਅਤ ਯੂਨੀਅਨ ਸਮੇਤ ਤਕਰੀਬਨ ਇੱਕ ਦਰਜਨ ਦੇਸ਼ਾਂ ਵਿੱਚ ਭਾਰਤੀ ਰਾਜਦੂਤ ਰਹੇ। ਉਹ ਵਧੀਆ ਫੋਟੋਗ੍ਰਾਫਰ ਤੇ ਚਿੱਤਰਕਾਰ ਸਨ ਤੇ ਗਹਿਰ ਗੰਭੀਰ ਲੇਖਕ ਵੀ। ਯੂਨੈਸਕੋ ਨੇ ਉਨ੍ਹਾਂ ਨੂੰ ਸਦਭਾਵਨਾ ਦੂਤ ਨਿਯੁਕਤ ਕੀਤਾ। ਇਸੇ ਸੰਸਾਰ ਸੰਸਥਾ ਦੇ ਕਾਰਜਕਾਰੀ ਬੋਰਡ ਨੇ ਉਨ੍ਹਾਂ ਨੂੰ ਸਮਰਪਿਤ ‘ਯੂਨੈਸਕੋ ਮਦਨਜੀਤ ਸਿੰਘ ਪੁਰਸਕਾਰ’ ਵੀ ਸਥਾਪਤ ਕੀਤਾ, ਜੋ ਸਹਿਣਸ਼ੀਲਤਾ ਤੇ ਅਹਿੰਸਾ ਦੇ ਪ੍ਰਚਾਰ ਲਈ ਹਰ ਦੋ ਸਾਲਾਂ ਬਾਅਦ ਦਿੱਤਾ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਵਾਲੀਆਂ ਹਸਤੀਆਂ ਵਿੱਚ ਪਾਕਿਸਤਾਨ ਦਾ ਸਤਿਕਾਰਤ ਪਰਉਪਕਾਰੀ ਅਬਦੁੱਲ ਸੱਤਾਰ ਈਧੀ ਵੀ ਸ਼ਾਮਲ ਸਨ।

2004 ਵਿੱਚ ਮਦਨਜੀਤ ਸਿੰਘ ਲਾਹੌਰ ਗਏ। ਗਵਰਨਮੈਂਟ ਕਾਲਜ ਯੂਨੀਵਰਸਿਟੀ ਦਾ ਮਿਆਰ ਉੱਚਾ ਚੁੱਕਣ ਦੀ ਚਾਹਤ ਵਿੱਚ ਉਨ੍ਹਾਂ ਨੇ ਉੱਥੋਂ ਇੰਸਟੀਟਿਊਟ ਆਫ਼ ਸਾਊਥ ਏਸ਼ੀਅਨ ਸਟੱਡੀਜ਼ ਦੀ ਸਥਾਪਨਾ ਦੀ ਤਜਵੀਜ਼ ਰੱਖੀ ਤੇ ਇਸ ਕਾਰਜ ਲਈ 1.20 ਲੱਖ ਡਾਲਰਾਂ ਦੀ ਨਿੱਜੀ ਮਦਦ ਦੇਣ ਦੀ ਪੇਸ਼ਕਸ਼ ਸਿਰਫ਼ ਇੱਕ ਸ਼ਰਤ ਉੱਤੇ ਕੀਤੀ ਕਿ ਇਸ ਦਾ ਅਕਾਦਮਿਕ ਅਮਲਾ ਹੋਰ ਦੱਖਣ ਏਸ਼ਿਆਈ ਦੇਸ਼ਾਂ ਵਿੱਚੋਂ ਵੀ ਹੋਵੇ। ਪੇਸ਼ਕਸ਼ ਨੂੰ ਯੂਨੀਵਰਸਿਟੀ ਸਿੰਡੀਕੇਟ ਨੇ ਪ੍ਰਵਾਨ ਕਰ ਲਿਆ। ਰਕਮ ਆ ਗਈ। ਇੰਸਟੀਟਿਊਟ ਬਣ ਗਿਆ, ਪਰ ਰਸਮੀ ਆਗਾਜ਼ ਤੋਂ ਪਹਿਲਾਂ ਰੇੜਕਾ ਪੈ ਗਿਆ। ਵਾਈਸ ਚਾਂਸਲਰ ਪ੍ਰੋ. ਖ਼ਾਲਿਦ ਆਫ਼ਤਾਬ ਨੂੰ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਤੋਂ ਮਨਜ਼ੂਰੀ ਲੈਣ ਲਈ ਕਿਹਾ ਗਿਆ। ਅਕਾਦਮਿਕ ਕਾਰਜ ਲਈ ਫ਼ੌਜੀ ਅਫ਼ਸਰਾਂ ਤਕ ਪਹੁੰਚ ਕਰਨੀ ਉਨ੍ਹਾਂ ਨੂੰ ਗਵਾਰਾ ਨਹੀਂ ਸੀ। ਬੱਸ ਫਿਰ ਸਰਕਾਰੀ ਮਨਜ਼ੂਰੀ ਆਈ ਹੀ ਨਹੀਂ। ਜ਼ਾਹਿਰ ਹੈ ਕੁਝ ਤਾਕਤਾਂ ਇਹ ਚਾਹੁੰਦੀਆਂ ਨਹੀਂ ਸਨ ਕਿ ਲਾਹੌਰ ਵਿੱਚ ਅਜਿਹੀ ਕੋਈ ਸੰਸਥਾ ਬਣੇ; ਅਕਾਦਮਿਕ ਸਾਂਝ ਤੋਂ ਉਨ੍ਹਾਂ ਨੂੰ ਖ਼ਤਰਾ ਵੱਧ ਜਾਪਦਾ ਸੀ। ਇਹੋ ਸਥਿਤੀ ਹੁਣ ਵੀ ਬਰਕਰਾਰ ਹੈ।

ਅਜਿਹੀ ਨਫ਼ਰਤੀ ਅੱਗ ਸਿਰਫ਼ ਇੱਕ ਧਿਰ ਤਕ ਸੀਮਤ ਨਹੀਂ। ਸਾਡੇ ਪਾਸੇ ਵੀ ਇਸ ਪੱਖ ਤੋਂ ਸਥਿਤੀ ਊਣੀ ਨਹੀਂ। ਕਰਨਾਟਕ ਦੇ ਸ਼ਹਿਰ ਧਾਰਵਾੜ ਨੂੰ ਉੱਤਰ ਅਤੇ ਦੱਖਣ ਭਾਰਤੀ ਸੱਭਿਆਤਾਵਾਂ ਦੇ ਸੁਮੇਲ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸ਼ਾਸਤਰੀ ਸੰਗੀਤ, ਹੋਰ ਲਲਿਤ ਕਲਾਵਾਂ ਤੇ ਸਾਹਿਤ ਦੇ ਖੇਤਰਾਂ ਵਿੱਚ ਸੁਮੇਲਤਾ ਦੀਆਂ ਜਿੰਨੀਆਂ ਮਿਸਾਲਾਂ ਇੱਥੇ ਮਿਲਦੀਆਂ ਹਨ, ਉਹ ਦੇਸ਼ ਦੇ ਹੋਰ ਕਿਸੇ ਇੱਕ ਸਥਾਨ ਉੱਤੇ ਨਹੀਂ ਮਿਲਦੀਆਂ। ਧ੍ਰੁਪਦ ਤੇ ਖਿਆਲ ਗਾਇਕੀ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦੇ ਦੋ ਮੁੱਖ ਅੰਗ ਹਨ, ਮਲਿਕਅਰਜੁਨ ਮਨਸੂਰ ਕਰਨਾਟਕ ਸੰਗੀਤ ਦੀ ਸਿੱਖਿਆ-ਦੀਖਿਆ ਦੇ ਬਾਵਜੂਦ ਖਿਆਲ ਗਾਇਕੀ ਦੇ ਖ਼ਲੀਫ਼ਾ ਮੰਨੇ ਜਾਂਦੇ ਰਹੇ ਹਨ। ਧ੍ਰੁਪਦ ਵਿੱਚ ਵੀ ਉਨ੍ਹਾਂ ਦੀ ਮੁਹਾਰਤ ਬਾ-ਕਮਾਲ ਸੀ। ਉਨ੍ਹਾਂ ਦੀ ਯਾਦ ਮਨਾਉਂਦਿਆਂ ਯੂਨੀਵਰਸਿਟੀ ਆਫ਼ ਕਰਨਾਟਕ ਧਾਰਵਾੜ ਨੇ ਪੰਜਾਬ ਦੇ ਤਲਵੰਡੀ ਘਰਾਣੇ ਦੇ ਨਾਮਵਰ ਧਰੁਪਦੀ ਮੌਲਾਦਾਦ ਖ਼ਾਨ ਦੇ ਜਾਨਸ਼ੀਨਾਂ ਦਾ ਮੀਆਂ ਚਨੂੰ (ਜ਼ਿਲ੍ਹਾ ਖਾਨੇਵਾਲ, ਪਾਕਿਸਤਾਨ) ਤੋਂ ਖੁਰਾ ਲੱਭ ਕੇ ਉਨ੍ਹਾਂ ਨੂੰ ਮਨਸੂਰ ਸਾਹਿਬ ਦੇ ਸ਼ਾਗਿਰਦਾਂ ਨਾਲ ਜੁਗਲਬੰਦੀ ਕਰਨ ਦਾ ਸੱਦਾ ਦਿੱਤਾ। ਸਭ ਇੰਤਜ਼ਾਮ ਹੋ ਗਏ, ਪਰ ਆਖ਼ਰੀ ਮੌਕੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੇ ਸਾਰਾ ਪ੍ਰੋਗਰਾਮ ਵੀਟੋ ਕਰ ਦਿੱਤਾ। ਗ਼ਲਤੀ ਸ਼ਾਇਦ ਪ੍ਰਬੰਧਕਾਂ ਦੀ ਸੀ। ਉਹ ਅਨੂਠੀ ਜੁਗਲਬੰਦੀ ਦੀ ਸੰਭਾਵਨਾ ਦੇ ਚਾਅ ਵਿੱਚ ਇਸ ਹਕੀਕਤ ਨੂੰ ਵਿਸਾਰ ਬੈਠੇ ਕਿ ਹੁਬਲੀ-ਧਾਰਵਾੜ ਜ਼ਿਲ੍ਹਾ, ਕਰਨਾਟਕ ਦੀ ਫ਼ਿਰਕੂ ਰਾਜਧਾਨੀ ਵੀ ਹੈ। ਮਿਸਾਲਾਂ ਇੱਥੇ ਮੁੱਕਣ ਵਾਲੀਆਂ ਨਹੀਂ। ਸੰਘ ਪਰਿਵਾਰ ਦੀ ਸੋਚ ਦਾ ਤੜਕਾ ਹੋਰਨਾਂ ਨੂੰ ਵੀ ਲੱਗਿਆ ਹੋਇਆ ਹੈ। ਤਿਲੰਗਾਨਾ ਵਿੱਚ ਭਾਜਪਾ ਦੀ ਨਹੀਂ, ਟੀ ਆਰ ਐੱਸ ਦੀ ਸਰਕਾਰ ਹੈ, ਪਰ ਉਹ ਤੁਅੱਸਬੀ ਤੜਕੇ ਨਾਲ ਵੱਧ ਤੜਕੀ ਹੋਣ ਦਾ ਪ੍ਰਭਾਵ ਦਿੰਦੀ ਆਈ ਹੈ। ਹੈਦਰਾਬਾਦ ਉੱਤੇ ਔਰੰਗਜ਼ੇਬੀ ਜਰਨੈਲਾਂ ਦੇ ਕਬਜ਼ੇ ਤੋਂ ਪਹਿਲਾਂ 171 ਸਾਲਾਂ ਤਕ ਗੋਲਕੁੰਡਾ ਰਿਆਸਤ ਉੱਤੇ ਹਕੂਮਤ ਕਰਨ ਵਾਲੇ ਕੁਤੁਬਸ਼ਾਹੀ ਖ਼ਾਨਦਾਨ ਨਾਲ ਜੁੜੀਆਂ ਦੋ ਤਾਕਤਵਰ ਬੀਬੀਆਂ; ਮਰੀਅਮ ਬੇਗਮ ਤੇ ਹਯਾਤ ਬਖ਼ਸ਼ੀ ਬੇਗਮ ਦੇ ਮਕਬਰਿਆਂ ਦੀ ਮੁਰੰਮਤ ਅਤੇ ਸ਼ਾਨ-ਬਹਾਲੀ ਲਈ ਕਰਾਚੀ ਦੇ ਇੱਕ ਕਾਰੋਬਾਰੀ ਕਮਾਲ ਬਖ਼ਸ਼ ਸੂਫ਼ੀ ਵੱਲੋਂ ਆਈਆਂ 21-21 ਕਰੋੜ ਰੁਪਏ ਦੀਆਂ ਦੋ ਗਰਾਂਟਾਂ ਤਿਲੰਗਾਨਾ ਸਰਕਾਰ ਨੇ ਇਸ ਆਧਾਰ ਉੱਤੇ ਵਾਪਸ ਕਰ ਦਿੱਤੀਆਂ ਕਿ ਉਹ ਪਾਕਿਸਤਾਨੀਆਂ ਤੋਂ ਮਦਦ ਲੈਣ ਦੇ ਹੱਕ ਵਿੱਚ ਨਹੀਂ।

ਜ਼ਹੀਰਾਬਾਦ (ਜ਼ਿਲ੍ਹਾ ਮੇਡਕ) ਵਿੱਚ ਜਨਮੇ 80 ਸਾਲਾ ਸੂਫ਼ੀ ਨੇ ਇਸਲਾਮ, ਖ਼ਾਸ ਕਰਕੇ ਕੁਤੁਬਸ਼ਾਹੀ ਖ਼ਾਨਦਾਨ ਵਿੱਚ ਔਰਤਾਂ ਦੇ ਉੱਚ ਮਰਤਬੇ ਨੂੰ ਸਾਹਮਣੇ ਲਿਆਉਣ ਲਈ ਰਕਮਾਂ ਭੇਜੀਆਂ ਸਨ। ਇਹ ਖ਼ੈਰਾਤ ਨਹੀਂ, ਅਕੀਦਤ ਸਨ, ਪਰ ਇਹ ਬਾਰੀਕੀਆਂ ਸਿਆਸੀ ਮਾਅਰਕੇਬਾਜ਼ੀ ਵਿੱਚ ਗੜੁੱਚ ਰਾਜਨੀਤੀਵਾਨਾਂ ਦੀ ਸੂਹਜ ਤੋਂ ਦੂਰ ਦੀ ਗੱਲ ਹਨ।

ਡਾ. ਰਾਹੀ ਮਾਸੂਮ ਰਜ਼ਾ ਨੇ ਤਿੰਨ ਦਹਾਕੇ ਪਹਿਲਾਂ ਲਿਖਿਆ ਸੀ ਕਿ ਵੱਖ ਵੱਖ ਧਰਮਾਂ ਵਿੱਚ ਸਮਾਨਤਾਵਾਂ ਦੀ ਮੌਜੂਦਗੀ ਜਾਂ ਸਮਧਰਮੀ ਹੋਣਾ ਹਿੰਦੋਸਤਾਨੀ ਤਹਿਜ਼ੀਬ ਦੀ ਸਭ ਤੋਂ ਵੱਡੀ ਖ਼ੂਬੀ ਹੈ। ਉਨ੍ਹਾਂ ਦਾ ਦਾਅਵਾ ਸੀ ਕਿ ਇਹ ਤਹਿਜ਼ੀਬ ਸਿਰਫ਼ ਹਿੰਦੋਸਤਾਨੀ ਹੱਦਾਂ ਦੇ ਅੰਦਰ ਸੀਮਤ ਹੈ, ਆਂਢ ਗੁਆਂਢ ਵਿੱਚ ਨਹੀਂ। ਹੁਣ ਜੋ ਕੁਝ ਵਾਪਰ ਰਿਹਾ ਹੈ, ਉਹ ਡਾ. ਰਜ਼ਾ ਦੀ ਸੋਚ ਨੂੰ ਗ਼ਲਤ ਸਾਬਤ ਕਰਦਾ ਜਾਪਦਾ ਹੈ। ਹੁਣ ਦੇ ਹੁਕਮਰਾਨ, ਚਾਹੇ ਕਿਸੇ ਵੀ ਸਿਆਸੀ ਜਮਾਤ ਨਾਲ ਸਬੰਧਤ ਹੋਣ, ਸੁਰਜੀਤ ਪਾਤਰ ਦੇ ਸ਼ਿਅਰ ‘ਕਿਉਂ ਕਿਤੇ ਮਿਲਦਾ ਨਹੀਂ ਘੁੱਟ ਮੋਹ ਦਾ ਪਾਣੀ ਪੀਣ ਨੂੰ/ ਹਰ ਨਗਰ ਹਰ ਸ਼ਹਿਰ ਹੁਣ ਕਰਬਲਾ ਕਿਉਂ ਹੋ ਗਿਆ’ ਅੱਖਰ-ਬਾ-ਅੱਖਰ ਨੂੰ ਸੱਚਾ ਸਾਬਤ ਕਰਨ ਲਈ ਦ੍ਰਿੜ੍ਹ ਜਾਪਦੇ ਹਨ। ਇਹੋ ਸਾਡੇ ਯੁੱਗ ਦੀ ਤ੍ਰਾਸਦੀ ਹੈ।

# ਕਬੀਰ ਕਮਾਈ ਆਪਣੀ ਬਿਰਥੀ ਕਦੇ ਨਾ ਜਾਏ

ਹਥਲੇ ਲੇਖ ਵਿਚ ਵਰਣਨ ਕੀਤੀਆਂ ਜਾ ਰਹੀਆਂ ਦੋਵੇਂ ਘਟਨਾਵਾਂ ਗ਼ਰੀਬੀ ਹੰਢਾ ਰਹੇ ਦੋ ਜਿਊੜਿਆਂ ਦੀਆਂ ਹਨ, ਜਿਨ੍ਹਾਂ ਦੇ ਸਿਰੜ ਤੇ ਸਿਦਕ-ਭਰੋਸੇ ਅੱਗੇ ਸਿਰ ਝੁਕਦਾ ਹੈ। ਪਹਿਲੀ ਵਾਰਤਾ ਤਾਂ ਨਵੀਂ ਤਾਜ਼ੀ ਹੈ, ਜਿਸ ਸਦਕਾ ਮੈਨੂੰ ਦੂਜੀ ਘਟਨਾ ਯਾਦ ਆਈ ਜੋ ਕਿ ਸੰਨ 1965 ਤੋਂ ਬਾਅਦ ਕਿਸੇ ਸਾਲ ਵਿਚ ਵਾਪਰੀ ਸੀ। ਦੋਹਾਂ ਦੇ ਨਾਇਕ, ਪਾਤਰ ਅਤੇ ਸਮਾਂ-ਸਥਾਨ ਬੇਸ਼ੱਕ ਅਲੱਗ ਅਲੱਗ ਹਨ, ਪਰ ਸਿੱਟਾ ਦੋਹਾਂ ਦਾ ਇਕੋ ਹੀ ਨਿਕਲਦਾ ਹੈ। ਦੋਵੇਂ ਕਥਾਵਾਂ ਇਕ ਦੂਜੀ ਦੀਆਂ ਪੂਰਕ ਹੀ ਹੋ ਨਿਬੜਦੀਆਂ ਹਨ।

ਸ਼ਹਿਰ ਦੀ ਅਮੀਰ ਮੰਨੀ ਜਾਂਦੀ ਕਾਲੋਨੀ ਵਿਚ ਰਹਿੰਦੇ ਮੇਰੇ ਭਰਾ ਦੀ ਕੋਠੀ ਤੋਂ ਰਤਾ ਹਟਵੀਂ ਇਕ ਹੋਰ ਕੋਠੀ ਦੇ ਬਗਲ ਤੋਂ ਬਾਹਰ ਸੜਕ ਦੇ ਕਿਨਾਰੇ, ਆਰਜ਼ੀ ਜਿਹਾ ਅੱਡਾ-ਗੱਡਾ ਬਣਾ ਕੇ ਇਕ ਬਿਹਾਰੀ ਧੋਬੀ ਬੈਠਾ ਹੈ ਜੋ ਕਪੜੇ ਧੋਣ ਅਤੇ ਪ੍ਰੈੱਸ ਕਰਨ ਦਾ ਕਿੱਤਾ ਅਪਨਾ ਕੇ ਅਪਨੇ ਪ੍ਰਵਾਰ ਦਾ ਜੀਵਨ ਨਿਰਬਾਹ ਚਲਾ ਰਿਹਾ ਹੈ। ਵਰ੍ਹਿਆਂ ਤੋਂ ਬੈਠੇ ਇਸ ਧੋਬੀ ਤੋਂ ਆਸ-ਪਾਸ ਦੇ ਨੌਕਰੀਪੇਸ਼ਾ ਲੋਕ ਸੁਬਹ-ਸਵੇਰੇ ਕਪੜੇ ਪ੍ਰੈੱਸ ਕਰਵਾਉਣ ਲਈ ਚੰਗਾ ਰਸ਼ ਪਾਈ ਰਖਦੇ ਨੇ।

ਭਰਾ ਦੇ ਦੱਸਣ ਅਨੁਸਾਰ ਇਕ ਦਿਨ ਉਹ ਅਪਨੇ ਅਤੇ ਬੱਚਿਆਂ ਦੇ ਕਪੜੇ ਪ੍ਰੈੱਸ ਕਰਵਾਉਣ ਲਈ ਉਸ ਧੋਬੀ ਕੋਲ ਗਿਆ। ਨਾਲ ਹੀ ਉਸ ਦਾ ਕੁੱਝ ਪਿਛਲਾ ਰਹਿੰਦਾ ਮਿਹਨਤਾਨਾ ਧੋਬੀ ਨੂੰ ਜਾ ਫੜਾਇਆ। ਉਸ ਨੇ ਭਰਾ ਹੱਥੋਂ ਨੋਟ ਫੜ ਕੇ ਉਰ੍ਹਾਂ-ਪਰ੍ਹਾਂ ਕਰਦਿਆਂ ਕਰਦਿਆਂ ਬੇਧਿਆਨੀ ਜਿਹੀ ਨਾਲ ਮੇਜ਼ ਉਤੇ ਵਿਛੇ ਕਪੜੇ ਦੇ ਇਕ ਖੂੰਜੇ ਹੇਠਾਂ ਰੱਖ ਦਿਤੇ। ਜਦੋਂ ਉਹ ਇਧਰ ਉਧਰ ਹੋ ਕੇ ਕਪੜਿਆਂ ਦੀ ਫਰੋਲਾ-ਫਰਾਲੀ ਕਰਨ ਲੱਗਾ ਤਾਂ ਕੋਲ ਸੜਕ ਵਗਦੀ ਜਾਣ ਕੇ ਮੇਰੇ ਭਰਾ ਨੇ ਧੋਬੀ ਨੂੰ ਚੌਕੰਨਾ ਕਰਦਿਆਂ ਆਖਿਆ ਕਿ ‘ਗਲੀ ਵਿਚ ਆਂਦਕ-ਜਾਂਦਕ ਲੱਗੀ ਰਹਿੰਦੀ ਹੈ, ਇਸ ਲਈ ਪਹਿਲਾਂ ਇਹ ਪੈਸੇ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਭਰਾਵਾ।’

ਕਹਿੰਦੇ ਉਸੇ ਬੇਫ਼ਿਕਰੀ ਦੇ ਆਲਮ ਵਿਚ ਉਹ ਥੋੜ੍ਹੀ ਗੰਭੀਰਤਾ ਵਾਲੀ ਮੁਸਕੁਰਾਹਟ ਬਿਖੇਰਦਿਆਂ ਮੇਰੇ ਭਰਾ ਨੂੰ ਕਹਿਣ ਲੱਗਾ, “ਅਰੇ ਸਰਦਾਰ ਜੀ, ਬਾਤ ਆਪ ਕੀ ਠੀਕ ਹੈ ਪਰ ਯੇਹ ਜੋ ਪੈਸੇ ਆਪ ਨੇ ਮੁਝੇ ਦੀਏ ਹੈਂ, ਯੇਹ ਮੇਰੇ ਖ਼ੂਨ-ਪਸੀਨੇ ਕੀ ਕਮਾਈ ਹੈ। ਅਗਰ ਕੋਈ ਉਠਾ ਕੇ ਲੇ ਭੀ ਗਯਾ... ਮੁਝੇ ਦੁੱਖ ਤੋਂ ਹੋਗਾ ਕਿ ਮੇਰੀ ਹੱਕ-ਹਲਾਲ ਕੀ ਮਿਹਨਤ ਉਡ ਗਈ...। ਚਲੋ, ਭਗਵਾਨ ਨੇ ਮੁਝੇ ਦੋ ਹਾਥ ਦੀਏ ਹੂਏ ਹੈਂ...। ਹਿੰਮਤ ਦੀ ਹੂਈ ਹੈ। ਮੈਂ ਤੋਂ ਔਰ ਕਮਾ ਲੂੰਗਾ। ਲੇਕਿਨ ਯੇਹ ਪੈਸੇ ਜਹਾਂ... ਜਿਸ ਪ੍ਰਵਾਰ ਮੇਂ ਜਾਏਂਗੇ ਨਾ...।”

ਮੇਰਾ ਭਰਾ ਦੱਸ ਰਿਹਾ ਸੀ ਕਿ ਮੈਂ ਇਕ ਬਿਹਾਰੀ ਅਨਪੜ੍ਹ ਧੋਬੀ ਦੇ ਮੂੰਹ ਤੋਂ ਫ਼ਲਸਫ਼ਾਨਾ ਅੰਦਾਜ਼ ਵਾਲੀਆਂ ਗੱਲਾਂ ਸੁਣ ਕੇ ਦੰਗ ਰਹਿ ਗਿਆ। ਉਹ ਬੜੇ ਸਿਦਕ-ਭਰੋਸੇ ਨਾਲ ਕਹਿੰਦਾ ਹੈ ਕਿ ਸਾਡੇ ਵਰਗੇ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਗ਼ਰੀਬਾਂ ਦੀ ਕਮਾਈ, ਜੇ ਕੋਈ ਛਲ-ਕਪਟ ਨਾਲ ਲੈ ਵੀ ਜਾਵੇ ਤਾਂ ਉਸ ਨੂੰ ਰਾਸ ਨਹੀਂ ਆਏਗੀ ਸਗੋਂ ਉਸ ਦਾ ਬੇੜਾ ਗਰਕ ਕਰ ਕੇ ਬਰਬਾਦੀ ਦਾ ਕਾਰਨ ਹੀ ਬਣੇਗੀ।

ਭਰਾ ਦੱਸੇ ਕਿ ਮੈਂ ਇਹ ਗਜ਼ਬ ਦੀ ਹਕੀਕਤ ਸੁਣ ਕੇ ਸੁੰਨ ਹੋਇਆ ਖੜਾ ਗ਼ਰੀਬ ਧੋਬੀ ਦੇ ਮੂੰਹ ਵਲ ਨੂੰ ਹੀ ਵੇਖਦਾ ਰਹਿ ਗਿਆ। ਟੀ.ਵੀ. ਚੈਨਲਾਂ ਉਤੇ ਚਲਦੇ ਅਧਿਆਤਮਵਾਦੀ ਕਥਾ-ਵਖਿਆਨਾਂ ਨੇ ਮੈਨੂੰ ਕਦੇ ਏਨਾ ਪ੍ਰਭਾਵਤ ਨਹੀਂ ਕੀਤਾ, ਜਿੰਨਾ ਉਸ ਗ਼ਰੀਬ ਕਿਰਤੀ ਦੇ ਸਹਿਜ-ਸੁਭਾਅ ਕਹੇ ਬੋਲਾਂ ਨੇ ਮੈਨੂੰ ਸੋਚਣ ਲਈ ਮਜਬੂਰ ਕੀਤਾ। ਮੈਨੂੰ ਖੜੇ ਖੜੇ ਇਕ ਬੁੱਧੀਵਾਨ ਦਾ ਕਥਨ ਯਾਦ ਆਇਆ ਕਿ ‘ਜਿਸ ਕਮਾਈ ਉਤੇ ਤੁਹਾਡਾ ਪਸੀਨਾ ਨਹੀਂ ਵਗਿਆ, ਉਹ ਤੁਹਾਡੇ ਨਾਲ ਵਫ਼ਾ ਨਹੀਂ ਕਰੇਗੀ।’ ਡੂੰਘੇ ਅਰਥਾਂ ਵਾਲੀ ਇਹ ਵਾਰਤਾ ਸੁਣਦਿਆਂ ਮੈਨੂੰ ਅਪਨੇ ਘਰ ਦੀ ਉਹ ਘਟਨਾ ਯਾਦ ਆ ਗਈ ਜੋ ਕਿ ਸੰਨ ਪੈਂਹਠ ਦੇ ਅੱਗੜ-ਪਿਛੜ ਕਿਸੇ ਸਾਲ ਵਿਚ ਸਾਡੇ ਭਾਈਆ ਜੀ ਨਾਲ ਵਾਪਰੀ ਸੀ। ਗਾਹੇ-ਬ-ਗਾਹੇ ਘਰੇਲੂ ਵਰਤੋਂ ਦਾ ਸਮਾਨ ਤੇ ਹੋਰ ਕੋਈ ਕਪੜਾ-ਲੱਤਾ ਲੈਣ ਵਾਸਤੇ ਭਾਈਆ ਜੀ ਅਕਸਰ ਸਾਈਕਲ ਉਤੇ ਨਵਾਂਸ਼ਹਿਰ ਜਾਂਦੇ ਹੁੰਦੇ ਸਨ।

ਇਸੇ ਤਰ੍ਹਾਂ ਇਕ ਵਾਰ ਉਹ ਸਵੇਰੇ ਸਵੇਰੇ ਘਰੇਲੂ ਕੰਮਕਾਜ ਨਬੇੜ ਕੇ ਨਵਾਂਸ਼ਹਿਰ ਤੋਂ ਸੌਦੇ-ਪੱਤੇ ਲਿਆਉਣ ਲਈ ਤਿਆਰ ਹੋ ਗਏ। ਸਾਈਕਲ ਦੇ ਕੈਰੀਅਰ ਉਤੇ ਝੋਲੇ ਵਗ਼ੈਰਾ ਬੰਨ੍ਹ ਕੇ ਉਹ ਨਹਿਰੇ ਪੈ ਗਏ। ਇੰਜ ਨਵੇਂ ਸ਼ਹਿਰ ਗਏ ਹੋਏ ਉਹ ਅਕਸਰ ਸ਼ਾਮ ਪਈ ਘਰ ਮੁੜਦੇ ਹੁੰਦੇ ਸਨ ਪਰ ਉਸ ਦਿਨ ਉਨ੍ਹਾਂ ਸਾਨੂੰ ਸਾਰੇ ਟੱਬਰ ਨੂੰ ਹੈਰਾਨ ਕਰ ਦਿਤਾ ਜਦ ਅਸੀ ਵੇਖਿਆ ਕਿ ਘਰ ਤੋਂ ਤੁਰਨ ਤੋਂ ਚਾਰ ਕੁ ਘੰਟਿਆਂ ਬਾਅਦ ਹੀ ਉਨ੍ਹਾਂ ਘਰ ਅੱਗੇ ਆ ਕੇ ਸਾਈਕਲ ਦੀ ਘੰਟੀ ਖੜਕਾ ਦਿਤੀ। ਅਸੀ ਸਾਰੇ ਇਕਦਮ ਭੱਜ ਕੇ ਬਾਹਰ ਆ ਗਏ। ਉਨ੍ਹਾਂ ਦਾ ਹੁਲੀਆ ਵੇਖ ਕੇ ਸਾਡੇ ਸੱਭ ਦੇ ਸਾਹ ਸੂਤੇ ਗਏ। ਉਘੜ-ਦੁਘੜੀ ਜਿਹੀ ਹੋਈ ਪੱਗ, ਮਿੱਟੀ-ਗਾਰੇ ਨਾਲ ਲਿਬੜੇ, ਸਲ੍ਹਾਬੇ ਜਿਹੇ ਹੋਏ ਉਨ੍ਹਾਂ ਦੇ ਕਪੜੇ ਅਤੇ ਘਬਰਾਇਆ ਚਿਹਰਾ ਵੇਖ ਕੇ ਅਸੀ ਠਠੰਬਰ ਗਏ ਕਿ ਇਹ ਕੀ ਭਾਣਾ ਵਾਪਰ ਗਿਆ ਹੋਵੇਗਾ? ਬਹੁਤ ਨਿਮਰ ਸੁਭਾਅ ਵਾਲੀ ਸਾਡੀ ਮਾਂ ਤਾਂ ਰੋਣਹਾਕੀ ਜਿਹੀ ਹੋ ਕੇ ‘ਕੀ ਹੋਇਆ ਕੀ ਹੋਇਆ?’ ਕਰਦੀ ਇਕ ਤਰ੍ਹਾਂ ਨਾਲ ਸਾਈਕਲ ਦੇ ਹੈਂਡਲ ਉਤੇ ਡਿੱਗ ਹੀ ਪਈ।

‘ਕੁਛ ‘ਨੀਂ ... ਬਚਾਅ ਹੋ ਗਿਆ।” ਸਾਈਕਲ ਕੰਧ ਨਾਲ ਲਾ ਕੇ ਕਮੀਜ਼ ਛੰਡਦਿਆਂ ਭਾਈਆ ਜੀ ਮੰਜੇ ਉਤੇ ਬੈਠ ਗਏ ਅਤੇ ਸਾਨੂੰ ਧੀਰਜ ਬਨ੍ਹਾਈ। ਉਨ੍ਹਾਂ ਦੇ ਪੈਰਾਂ ‘ਚੋਂ ਜੁੱਤੀ ਵੀ ਗ਼ਾਇਬ ਵੇਖ ਕੇ ਅਸੀ ਹੋਰ ਹੱਕੇ ਬੱਕੇ ਹੋ ਗਏ। ਹੈਰਤਅੰਗੇਜ਼ ਹੋਇਆ ਸਾਰਾ ਟੱਬਰ ਵੱਡੀ ਉਤਸੁਕਤਾ ਨਾਲ ਭਾਈਆ ਜੀ ਨਾਲ ਵਾਪਰੀ ਅਣਹੋਣੀ ਸੁਣਨ ਲਈ ਉਤਾਵਲਾ ਪੈ ਰਿਹਾ ਸੀ। ਭਾਈਆ ਜੀ ਦੇ ਮੂੰਹ ਤੋਂ ਸਾਰਾ ਵੇਰਵਾ ਸੁਣ ਕੇ ਸਾਡੇ ਲੂ ਕੰਡੇ ਖੜੇ ਹੋ ਗਏ। ਸਾਡੀ ਮਾਂ ਹੱਥ ਜੋੜ ਕੇ ਦਾਤੇ ਦਾ ਸ਼ੁਕਰਾਨਾ ਕਰਨ ਲੱਗੀ ਕਿ ਉਸ ਦੇ ਸਿਰ ਦਾ ਸਾਈਂ ਸਹੀ ਸਲਾਮਤ ਬਚ ਕੇ ਆ ਗਿਆ ਹੈ।

ਹੋਇਆ ਅਸਲ ‘ਚ ਇਹ ਕਿ ਸਾਡੇ ਪਿੰਡ ਤੋਂ ਨਵਾਂਸ਼ਹਿਰ ਨੂੰ ਜਾਣ ਲਈ ਆਮ ਤੌਰ ਤੇ ਬਿਸਤ ਦੁਆਬ ਨਹਿਰ ਕੰਢੇ 6-7 ਮੀਲ ਸਫ਼ਰ ਕਰਨਾ ਪੈਂਦਾ ਹੈ। ਪਿੰਡ ਸੁਬਾਜਪੁਰ ਦੇ ਜਿਸ ਪੁਲ ਤੋਂ ਨਹਿਰ ਛੱਡ ਕੇ ਹੋਰ ਰਾਹ ਪੈਣਾ ਹੁੰਦਾ ਹੈ, ਉਸ ਪੁਲ ਉਤੇ ਹੈੱਡਵਰਕਸ ਬਣਿਆ ਹੋਇਆ ਸੀ ਜਿੱਥੇ ਖੱਬੇ-ਸੱਜੇ ਨੂੰ ਰਜਬਾਹੇ ਨਿਕਲਦੇ ਹਨ। ਨਹਿਰ ਦੇ ਪਾਣੀ ਦੀ ਰਫ਼ਤਾਰ ਰੋਕਣ ਲਈ ਪੁਲ ਦੇ ਅੱਗੇ ਰੋਕਾਂ ਬਣੀਆਂ ਹੋਈਆਂ ਹਨ ਜਿਨ੍ਹਾਂ ‘ਚ ਵੱਜ ਕੇ ਪਾਣੀ ਰਿੜਕ ਜਿਹਾ ਹੁੰਦਿਆਂ ‘ਝਲਾਰ’ ਬਣਦੀ ਹੈ। ਉਨ੍ਹਾਂ ਦਿਨਾਂ ਵਿਚ ਉਥੇ ਫੁੱਲ-ਬੂਟੇ ਲਾ ਕੇ ਇਹ ਥਾਂ ਖ਼ੂਬ ਸਜਾਈ ਹੁੰਦੀ ਸੀ। ਨਹਿਰ ‘ਚ ਉਤਰਦੀਆਂ ਪੌੜੀਆਂ ਦੋਹੀਂ ਪਾਸੀਂ ਬਣੀਆਂ ਹੋਈਆਂ ਹਨ, ਜਿਨ੍ਹਾਂ ਥਾਣੀ ਉਤਰ ਕੇ ਰਾਹੀ-ਮੁਸਾਫ਼ਰ ਜਾਂ ਪੱਠੇ-ਦੱਥੇ ਵਾਲੀਆਂ ਬੀਬੀਆਂ ਪਾਣੀ ਪੀ ਲੈਂਦੀਆਂ ਸਨ। ਉਸ ਦਿਨ ਸਾਡੇ ਭਾਈਆ ਜੀ ਵੀ ਉਥੇ ਪਾਣੀ ਪੀਣ ਲਈ ਉਤਰੇ, ਪਰ ਪੌੜੀਆਂ ਤੋਂ ਪੈਰ ਤਿਲਕਣ ਕਰ ਕੇ ਧੜੰਮ ਨਹਿਰ ‘ਚ ਡਿੱਗ ਪਏ।

ਪੁਲ ਦੇ ਅੱਗੇ ਪਾਣੀ ਦੀ ਡੂੰਘਾਈ ਵੀ ਅੱਠ-ਦਸ ਫ਼ੁੱਟ ਅਤੇ ਵਹਾਅ ਵੀ ਤੇਜ਼। ਉੱਭੜਵਾਹੇ ਡਿੱਗਣ ਕਰ ਕੇ ਗੋਤੇ ਵੀ ਚੰਗੇ ਆ ਗਏ ਪਰ ਚੰਗੀ ਕਿਸਮਤ ਨੂੰ ਉਨ੍ਹਾਂ ਦਾ ਰੌਲਾ ਸੁਣ ਕੇ ਉਥੋਂ ਲੰਘਦੇ ਇਕ ਬੰਦੇ ਨੇ ਫ਼ਟਾਫ਼ਟ ਅਪਨੀ ਪੱਗ ਭਾਈਆ ਜੀ ਵਲ ਵਗਾਹੀ ਜਿਸ ਸਦਕਾ ਉਨ੍ਹਾਂ ਨੂੰ ਨਹਿਰ ‘ਚੋਂ ਖਿੱਚ ਕੇ ਬਾਹਰ ਕਢਿਆ ਗਿਆ।

ਸਾਰਾ ਬਿਰਤਾਂਤ ਸੁਣਾ ਕੇ ਜਦੋਂ ਭਾਈਆ ਜੀ ਨੇ ਇਹ ਦਸਿਆ ਕਿ ਉਨ੍ਹਾਂ ਦਾ ਬਟੂਆ ਅਤੇ ਜੁੱਤੀ ਨਹਿਰ ਵਿਚ ਹੀ ਡਿੱਗ ਪਏ ਤਾਂ ਸਾਡੀ ਮਾਤਾ ਨੂੰ ਪੈਸੇ ਜਾਣ ਦਾ ਝੋਰਾ ਖਾਣ ਲੱਗਾ। ਉਨ੍ਹਾਂ ਦਿਨਾਂ ਵਿਚ 50-60 ਰੁਪਏ ਵੀ ਅੱਜ ਦੇ ਅੱਠ-ਦਸ ਹਜ਼ਾਰ ਦੇ ਬਰਾਬਰ ਹੁੰਦੇ ਸਨ। ਜਦੋਂ ਬੀਬੀ ਜੀ ਬਹੁਤੀ ਹੀ ਚਿੰਤਾ ਕਰਦਿਆਂ ਕਹਿਣ ਲੱਗੇ ਕਿ ‘ਹੁਣ ਖ਼ਰਚਾ ਕਿਥੋਂ ਕਰਨੈ?’ ਤਾਂ ਭਾਈਆ ਜੀ ਬੜੇ ਠਰੰਮੇ ਨਾਲ ਕਹਿਣ, “ਜੇ ਉਹ ਪੈਸੇ ਸਾਡੇ ਹੀ ਹੋਏ ਤਾਂ ਕਿਤੇ ਨਹੀਂ ਜਾਂਦੇ। ਸਾਨੂੰ ਜ਼ਰੂਰ ਮਿਲ ਜਾਣਗੇ।” ਰੁੜ੍ਹ ਗਏ ਪੈਸਿਆਂ ਨੂੰ ਝੂਰਦੀ ਅਤੇ ਗ਼ਰੀਬੀ ਕਾਰਨ ਦੁਖੀ ਹੁੰਦਿਆਂ ਜਦੋਂ ਸਾਡੀ ਮਾਂ ਕਹਿੰਦੀ, “ਨਹਿਰਾਂ ‘ਚੋਂ ਤਾਂ ਡੁੱਬੇ ਹੋਏ ਬੰਦਿਆਂ ਦੀਆਂ ਲਾਸ਼ਾਂ ਨਹੀਂ ਲਭਦੀਆਂ ਹੁੰਦੀਆਂ... ਤੇਰਾ ਬਟੂਆ ਕਿਥੇ ਲੱਭਣੈ ਸਰਦਾਰ ਜੀ!” ਤਾਂ ਭਾਈਆ ਜੀ ਅਪਣੇ ਵਿਸ਼ਵਾਸ ਦੇ ਪੱਖ ਵਿਚ ਇਹ ਸਤਰਾਂ ਪੜ੍ਹਦੇ-

‘ਕਬੀਰ ਕਮਾਈ ਆਪਣੀ ਬਿਰਥੀ ਕਦੇ ਨਾ ਜਾਏ।

ਸੱਤ ਸਮੁੰਦਰ ਟੱਪ ਜਏ ਫਿਰ ਵੀ ਮਿਲਦੀ ਆਏ।’

(ਇਹ ਗੁਰਬਾਣੀ ਦਾ ਸ਼ਲੋਕ ਨਹੀਂ)

ਦਸ ਕੁ ਦਿਨਾਂ ਬਾਅਦ ਨਹਿਰ ਦਾ ਪਾਣੀ ਲੱਥੇ ਤੋਂ ਭਾਈਆ ਜੀ ਨੇ ਚੁੱਕਿਆ ਸਾਈਕਲ ਤੇ ਜਾ ਪਹੁੰਚੇ ਸੁਬਾਜਪੁਰ ਦੇ ਪੁਲ ਉੱਤੇ। ਹੈੱਡ ਉਤੇ ਡਿਊਟੀ ਕਰਦੇ ਪਨਸਾਲੀਏ ਨੂੰ ਮਿਲੇ ਜਿਸ ਨੂੰ ਉਹ ਉਸ ਦਿਨ ਅਪਣਾ ਬਟੂਆ ਡਿੱਗਣ ਬਾਰੇ ਦੱਸ ਆਏ ਸਨ। “ਗਿਆਨੀ ਜੀ ਪਾਣੀ ਤਾਂ ਕਲ ਸ਼ਾਮ ਦਾ ਹੀ ਉਤਰਿਆ ਹੋਇਐ।”, ਤਸੱਲੀ ਨਾਲ ਬੋਲਦਿਆਂ ਪਨਸਾਲੀਆ ਭਾਈਆ ਜੀ ਨੂੰ ਅਪਣੇ ਕਮਰੇ ‘ਚ ਲੈ ਗਿਆ ਜਿੱਥੇ ਉਸ ਨੇ ਭਿੱਜੇ ਬਟੂਏ ਵਿਚੋਂ ਨੋਟ ਕੱਢ ਕੇ ਪੁਰਾਣੀ ਅਖ਼ਬਾਰ ਉਤੇ ਸੁਕਣੇ ਪਾਏ ਹੋਏ ਸਨ। ਉਸ ਈਮਾਨਦਾਰ ਮੁਲਾਜ਼ਮ ਦਾ ਸ਼ੁਕਰਾਨਾ ਕਰਦਿਆਂ ਭਾਈਆ ਜੀ ‘ਅਪਣੀ ਕਮਾਈ’ ਲੈ ਕੇ ਕਿਸੇ ਜੇਤੂ ਖਿਡਾਰੀ ਵਾਂਗ ਮੁਸਕੁਰਾਉਂਦੇ ਘਰ ਆ ਗਏ!!

# ਤ੍ਰਾਸਦੀ ਦੇ ਦੋ ਦਹਾਕੇ ਬਾਅਦ ਵੀ ਦਿੱਲੀ ਤਖ਼ਤ ਦਾ ਭਰੋਸਾ ਨਹੀਂ ਜਿੱਤ ਸਕਿਆ ਪੰਜਾਬ

ਪੰਜਾਬ ਉਹ ਸੂਬਾ ਹੈ, ਜਿਸ ਨੂੰ ‘ਗੁਰੂਆਂ ਪੀਰਾਂ ਦੀ ਧਰਤੀ’ ਹੋਣ ਦੇ ਨਾਲ-ਨਾਲ ‘ਭਾਰਤਵਰਸ਼ ਦਾ ਅੰਨ ਭੰਡਾਰ’ ਹੋਣ ਦਾ ਵੀ ਮਾਣ ਹਾਸਲ ਹੈ। ‘ਪੰਜਾਬ’ ਸ਼ਬਦ ਕਿਸੇ ਦੇ ਮੂੰਹ ‘ਚੋਂ ਸੁਣਦਿਆਂ ਹੀ ਹੱਸਦੇ-ਨੱਚਦੇ ਗੱਭਰੂ, ਖਿੜਦੀਆਂ ਮੁਟਿਆਰਾਂ ਅਤੇ ਸੁਨਹਿਰੀ ਕਣਕ ਦੇ ਸਿੱਟਿਆਂ ਦੇ ਲਹਿਰਾਉਣ ਦੀ ਤਸਵੀਰ ਅੱਖਾਂ ਮੂਹਰੇ ਆ ਜਾਂਦੀ ਹੈ। ਪਰ ਇਸ ਹੱਸਦੇ ਪੰਜਾਬ ਦੀ ਭੂਗੋਲਿਕ ਸਥਿਤੀ ਵੱਲੋਂ ਇਸ ਦੀ ਕਿਸਮਤ ਨਾਲ ਇਕ ਹੋਰ ਪਹਿਲੂ ਬੰਨ੍ਹਦਿਆਂ ਪੁਰਾਤਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰਾਂ ਦੇ ਲਾਂਘੇ ਦੀ ਮਾਰ ਇਸ ਨੂੰ ਝੱਲਣ ਲਈ ਮਜਬੂਰ ਕਰ ਦਿੱਤਾ। ਮੰਗੋਲਾਂ, ਤੁਰਕਾਂ, ਮੁਗਲਾਂ, ਅੰਗਰੇਜ਼ਾਂ ਆਦਿ ਧਾੜਵੀਆਂ ਦੀ ਹਿੰਦ-ਮਾਰ ਸਮੇਂ ਜੇਕਰ ਕਿਸੇ ਨੇ ਸਭ ਤੋਂ ਵੱਧ ਗਵਾਇਆ ਤਾਂ ਉਹ ਸਨ ਪੰਜਾਬੀ, ਪਰ ਇਨ੍ਹਾਂ ਮਾਰਾਂ ਨੇ ਉਨ੍ਹਾਂ ਦੇ ਸੁਭਾਅ ‘ਚ ਉਹ ਸਿਰੜ ਭਰ ਦਿੱਤਾ ਜਿਸ ਦੇ ਆਸਰੇ ਕੀਤੀਆਂ ਕੁਰਬਾਨੀਆਂ ਨਾਲ ਸੰਨ 1947 ‘ਚ ਹਿੰਦੁਸਤਾਨ ਆਜ਼ਾਦ ਹੋਇਆ। ਠੰਢੀ ਹਨੇਰੀ ਰਾਤ ਮਗਰੋਂ ਆਜ਼ਾਦ ਹਿੰਦੁਸਤਾਨ ‘ਚ ਚੜ੍ਹਨ ਵਾਲੀ ਨਿੱਘੀ ਸਵੇਰ ਦੇ ਸੁੱਖ ਹੰਢਾਉਣ ਦੇ ਹੋਰਨਾਂ ਵਾਂਗ ਪੰਜਾਬੀਆਂ ਦੇ ਵੀ ਸੁਪਨੇ ਸਨ ਪਰ ਇਸ ਸਵੇਰ ਦੇ ਤੜਕਸਾਰ ਹੀ ‘ਹੋਣੀ’ ਨੇ ਉਨ੍ਹਾਂ ਨੂੰ ਉਜਾੜ ਸੁੱਟਿਆ, ਇਕੋ ਸੱਥ ‘ਚ ਖੇਡੇ ਇਕ-ਦੂਸਰੇ ਦੇ ਲਹੂ ਦੇ ਪਿਆਸੇ ਬਣ ਗਏ ਅਤੇ ਪਾਕਿਸਤਾਨ ਹੋਂਦ ‘ਚ ਆ ਗਿਆ। ਵਕਤ ਦਾ ਪਹੀਆ ਗਿੜਿਆ ਅਤੇ ਪੰਜਾਬੀਆਂ ਦੀ ਗੱਡੀ ਫਿਰ ਪੱਟੜੀ ‘ਤੇ ਚੜ੍ਹ ਗਈ ਪਰ ਥੋੜ੍ਹਾ ਸਮਾਂ ਹੀ ਬੀਤਿਆ ਤੇ ਫਿਰ ਕਾਲੀ ਬੋਲੀ ਹਨੇਰੀ ਨੇ ਆਣ ਘੇਰਿਆ। ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਗਈ ਅਤੇ ਆਪਣਾ ਹਿੰਦੁਸਤਾਨ ਸਮਝਕੇ ਸੂਬੇ ਤੋਂ ਬਾਹਰ ਵਸਦੇ ਪੰਜਾਬੀਆਂ ਨਾਲ ਦੁਸ਼ਮਣਾਂ ਤੋਂ ਵੀ ਘਟੀਆ ਵਿਵਹਾਰ ਕੀਤਾ ਗਿਆ। ਹੱਸਦੇ-ਵੱਸਦੇ ਮੁੱਛ-ਫੁੱਟਾਂ ਦੇ ਗਲਾਂ ‘ਚ ‘ਅੱਤਵਾਦੀ ਹੋਣ ਦੀ ਤਖ਼ਤੀ ਪਾ ਕੇ ਉਨ੍ਹਾਂ ਨੂੰ ਹਿੰਸਕ ਹੋਣ ਲਈ ਉਕਸਾਇਆ ਗਿਆ ਅਤੇ ਫਿਰ ਖ਼ਾਕੀ ਵਰਦੀ ਪਾਈ ਉਨ੍ਹਾਂ ਦੇ ਆਪਣੇ ਹੀ ਭਰਾਵਾਂ ਨਾਲ ਖ਼ੂਨੀ ਖੇਡਾਂ ਕਰਵਾਈਆਂ ਗਈਆਂ। ਦੋ ਦਹਾਕਿਆਂ ਤੋਂ ਵੱਧ ਸਮਾਂ ਪੰਜਾਬ ਦਾ ਲਹੂ ਡੁੱਲ੍ਹਦਾ ਰਿਹਾ ਅਤੇ ਸਮੇਂ ਦੀ ਡੈਣ ਬਨੇਰੇ ਬੈਠ ਤਮਾਸ਼ਾ ਵੇਖਦੀ ਰਹੀ। ਅੰਤ ਜਦੋਂ ਗਵਾਉਣ ਜੋਗਾ ਕੁਝ ਨਾ ਰਿਹਾ ਤਾਂ ਲੋਕਤੰਤਰ ਦਾ ਕਥਿਤ ਸਵਾਂਗ ਰਚਦਿਆਂ 1992 ‘ਚ ਆਮ ਚੋਣਾਂ ਕਰਵਾਈਆਂ ਗਈਆਂ ਪਰ ਜਨਤਾ ਨੇ ਰੋਸ ਜ਼ਾਹਰ ਕਰਦਿਆਂ ਕੇਵਲ 9-10 ਕੁ ਪ੍ਰਤੀਸ਼ਤ ਹੀ ਮੱਤਦਾਨ ਕੀਤਾ। ਸਮਾਂ ਤੁਰਿਆ ਤਾਂ ਜ਼ਖ਼ਮਾਂ ‘ਤੇ ਸਰੱਕੜ ਆਉਣੇ ਵੀ ਸ਼ੁਰੂ ਹੋ ਗਏ। ਉਸ ਤ੍ਰਾਸਦੀ ਨੂੰ ਗੁਜ਼ਰੇ ਅੱਜ ਦੋ ਦਹਾਕੇ ਹੋ ਚੁੱਕੇ ਹਨ ਅਤੇ 20 ਸਾਲਾਂ ‘ਚ ਪੰਜਾਬੀਆਂ ਨੇ ਸਭ ਹੱਡ ਬੀਤੀਆਂ ਭੁੱਲ ਕੇ ਦਰਿਆਦਿਲੀ ਨਾਲ ਭਾਰਤੀ ਲੋਕਤੰਤਰ ‘ਚ ਵੀ ਵਿਸ਼ਵਾਸ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦੀ ਮਿਸਾਲ ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ‘ਚ ਰਿਕਾਰਡ 79 ਪ੍ਰਤੀਸ਼ਤ ਦੇ ਕਰੀਬ ਵੋਟ ਦਾ ਭੁਗਤਾਨ ਹੋਣਾ ਹੈ। ਪੰਜਾਬੀਆਂ ਨੇ ਤਾਂ ਲੋਕਤੰਤਰ ਦਾ ਮਾਣ ਰੱਖਿਆ ਹੈ ਪਰ ਇਸ ਲੋਕਤੰਤਰ ਦੇ ਅਖੌਤੀ ਰਾਖੇ ਪੰਜਾਬ ਨੂੰ ਮਾਣ ਦੇਣ ਦੇ ਸੰਦਰਭ ‘ਚ ਅਜੇ ਘੇਸ ਵੱਟੀ ਬੈਠੇ ਹਨ ਅਤੇ ਪੰਜਾਬ ਨਾਲ ਅਜੇ ਵੀ ਬੇਭਰੋਸਗੀ ਵਾਲਾ ਵਿਵਹਾਰ ਕਰਦਿਆਂ ਇਸ ਦਾ ਅਸ਼ਾਂਤ ਖੇਤਰ ਵਜੋਂ ਦਰਜਾ ਰੱਦ ਨਹੀਂ ਕਰ ਰਹੇ, ਜਿਸ ਦੇ ਚਲਦਿਆਂ ਵਿਦੇਸ਼ਾਂ ‘ਚ ਭਾਰਤੀ ਸਫਾਰਤਖਾਨਿਆਂ ‘ਚ ਪੰਜਾਬ ਨੂੰ ਅੱਜ ਵੀ ਅਸ਼ਾਂਤ ਸੂਬਾ ਮੰਨਿਆ ਜਾ ਰਿਹਾ ਹੈ ਅਤੇ ਵਿਕਸਤ ਦੇਸ਼ਾਂ ਵੱਲੋਂ ਆਪਣੇ ਨਾਗਰਿਕਾਂ ਨੂੰ ਭਾਰਤ ਆਮਦ ਸਮੇਂ ਪੰਜਾਬ ਤੋਂ ਕਿਨਾਰਾ ਕਰਨ ਦੀ ਤਾਕੀਦ ਕੀਤੀ ਜਾਂਦੀ ਹੈ, ਜਿਸ ਨਾਲ ਇਕ ਤਾਂ ਪੰਜਾਬੀਆਂ ਦਾ ਅਕਸ ਖਰਾਬ ਹੁੰਦਾ ਹੈ ਅਤੇ ਦੂਜਾ ਇਥੋਂ ਦੇ ਸੈਰ ਸਪਾਟਾ ਵਿਭਾਗ ਨੂੰ ਵੱਡਾ ਨੁਕਸਾਨ ਪਹੁੰਚਦਾ ਹੈ। ਇਥੋਂ ਤੱਕ ਕਿ ਗਵਾਂਢੀ ਮੁਲਕ ਪਾਕਿ ਦੇ ਬਾਸ਼ਿੰਦਿਆਂ ਲਈ ਭਾਰਤੀ ਪੰਜਾਬ ਦਾ ਵੀਜ਼ਾ ਲੈਣਾ ਕੋਈ ਉੱਚੀ ਚੋਟੀ ਸਰ ਕਰਨ ਦੇ ਬਰਾਬਰ ਹੈ। ਭਾਰਤ-ਪਾਕਿ ਦਰਮਿਆਨ ਚੱਲਣ ਵਾਲੀ ‘ਸਮਝੌਤਾ ਐਕਸਪ੍ਰੈੱਸ’ ਰੇਲ ਅਤੇ ‘ਸਦਾ-ਏ-ਸਰਹੱਦ’ ਬੱਸਾਂ ਦਾ ਪੰਜਾਬ ‘ਚ ਕੋਈ ਚੜ੍ਹਨ ਉਤਰਨ ਲਈ ਠਹਿਰਾਅ ਨਹੀਂ ਕੀਤਾ ਜਾਂਦਾ। ਅੱਖੀਂ ਘੱਟਾ ਪਾਉਣ ਲਈ ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਬੱਸ ਟਰਮੀਨਲ ਬਣਾਇਆ ਗਿਆ ਹੈ, ਜਿਥੋਂ ਪਾਕਿ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਪਰ ਹੈਰਾਨੀਜਨਕ ਤਰੀਕੇ ਨਾਲ ਪੰਜਾਬੀਆਂ ਨੂੰ ਇਥੋਂ ਬੱਸ ਲੈਣ ਲਈ ਪੁਲਿਸ ਤੋਂ ਇਤਰਾਜ਼ ਰਹਿਤ ਪੱਤਰ ਲੈਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਜਦੋਂ ਕਿ ਹੋਰਨਾਂ ਪ੍ਰਦੇਸ਼ਾਂ ਦੇ ਵਸਨੀਕਾਂ ਲਈ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਆਪਣੀ ‘ਵਿਸ਼ੇਸ਼ ਕਾਬਲੀਅਤ’ ਆਸਰੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ‘ਤੇ ਬੈਠੇ ਇਕ ਸਿੱਖ ਨੂੰ ਵੀ ਪੰਜਾਬੀਆਂ ‘ਤੇ ਅਹਿਸਾਨ ਵਾਂਗ ਜਿਤਾਇਆ ਜਾ ਰਿਹਾ ਹੈ। ਪਰ ਉਸ ਕੁਰਸੀ ਵੱਲੋਂ ਵੀ ਪਾਕਿ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਵਿਸ਼ੇਸ਼ ਲਾਂਘਾ ਲੈਣ ਅਤੇ ਫਰਾਂਸ ‘ਚ ਪਗੜੀ ਦੇ ਮੁੱਦੇ ਵਰਗੇ ਸਿੱਖਾਂ ਦੀਆਂ ਵਾਜਬ ਅਤੇ ਧਾਰਮਿਕ ਮੰਗਾਂ ਦੀ ਅੰਤਰਰਾਸ਼ਟਰੀ ਪੱਧਰ ‘ਤੇ ਕਦੀ ਸੁਹਿਰਦ ਤਰਫ਼ਦਾਰੀ ਨਹੀਂ ਕੀਤੀ ਗਈ। ਪੰਜਾਬ ਅਸ਼ਾਂਤ ਸੂਬਾ ਘੋਸ਼ਿਤ ਰਹਿਣ ਕਾਰਨ ਉਦਯੋਗਾਂ ਸਬੰਧੀ ਵਿਸ਼ੇਸ਼ ਕੇਂਦਰੀ ਰਿਆਇਤਾਂ ਨਾ ਮਿਲਣ ਕਰਕੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਇਹ ਰਿਆਇਤਾਂ ਮਿਲਣ ਕਾਰਨ ਰਾਜ ਦੇ ਸਾਰੇ ਉਦਯੋਗ ਇਨ੍ਹਾਂ ਰਾਜਾਂ ‘ਚ ਤਬਦੀਲ ਹੋ ਗਏ ਹਨ, ਜਿਸ ਕਾਰਨ ਪੰਜਾਬ ਦੇ ਵਸਨੀਕਾਂ ਦੇ ਕਾਰੋਬਾਰ ਅਤੇ ਕਾਮਿਆਂ ਲਈ ਰੁਜ਼ਗਾਰ ‘ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਖੇਤੀਬਾੜੀ ਦੀ ਗੱਲ ਕਰੀਏ ਤਾਂ ਸ਼ੁਰੂ ਤੋਂ ਹੀ ਪੰਜਾਬ ਜ਼ਿੰਮੇਵਾਰੀ ਨਿਭਾਉਂਦਿਆਂ ਹੋਰਨਾਂ ਰਾਜਾਂ ਦੀ ਗੁੱਲੀ (ਖੁਰਾਕ) ਦਾ ਸਰੋਤ ਬਣਦਾ ਆ ਰਿਹਾ ਹੈ ਪਰ ਬਦਲੇ ‘ਚ ਕੇਂਦਰ ਨੇ ਉਸ ਦੀਆਂ ਲੋੜਾਂ ਦੀ ਪਰਵਾਹ ਨਹੀਂ ਕੀਤੀ ਅਤੇ ਇਸੇ ਬੇਕਦਰੀ ਦੇ ਖੂਹ ‘ਚ ਡਿੱਗਾ ਪੰਜਾਬ ਦਾ ਕਿਸਾਨ ਅੱਜ ਮੌਤ ਨੂੰ ਗਲ ਲਾਉਣ ਲਈ ਮਜਬੂਰ ਹੈ।

# ਉਰਵਸ਼ੀ ਰੌਤੇਲਾ ਰੌਤੇਲਾ ਨੂੰ ਵਿਲਸ ਲਾਈਫਸਟਾਈਲ ਇੰਡੀਆ ਫੈਸ਼ਨ ਵੀਕ ਵਿਖੇ ਆਪਣਾ ਪਹਿਲਾ ਵੱਡਾ ਬ੍ਰੇਕ ਮਿਲਿਆ



ਇੱਕ ਭਾਰਤੀ ਫ਼ਿਲਮ ਅਦਾਕਾਰਾ ਅਤੇ ਮਾਡਲ ਹੈ ਜੋ ਮੁੱਖ ਤੌਰ ਤੇ ਹਿੰਦੀ ਫਿਲਮਾਂ ਵਿੱਚ ਕੰਮ ਕਰਦੀ ਹੈ।ਰਾਉਤੈਲਾ ਨੂੰ ਮਿਸ ਦਿਵਾ - 2015 ਦਾ ਮੁਕਟ ਪਹਿਨਾਇਆ ਗਿਆ ਸੀ ਅਤੇ ਮਿਸ ਯੂਨੀਵਰਸ 2015 ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਗਈ ਸੀ। ਉਸ ਨੇ ਕੀਤੀ ਹੈ ਉਸ ਨੂੰ ਬਾਲੀਵੁੱਡ ਦੀ ਸ਼ੁਰੂਆਤ ਦੇ ਨਾਲ ਫਿਲਮ ਸਿੰਘ ਸਾਬ ਦੀ ਗ੍ਰੇਟ (2013) ਦੇ ਬਾਅਦ ਸਨਮ ਰੇ (2016),ਮਹਾਨ ਗ੍ਰੇਟ ਗ੍ਰੈਂਡ ਮਸਤੀ (2016) ਅਤੇ ਕਾਬਿਲ (2017). ਊਰਵਸ਼ੀ ਦਾ ਜਨਮ ਅਤੇ ਹਰਿਦੁਆਰ, ਉਤਰਾਖੰਡ, ਭਾਰਤ ਵਿੱਚ ਹੋਇਆ। ਸਕੂਲ ਦੌਰਾਨ ਉਸਨੇ 15 ਸਾਲ ਦੀ ਉਮਰ ਵਿੱਚ ਸੁੰਦਰਤਾ ਅਤੇ ਪੈਂਟੈਂਟ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਉਸਨੇ ਫਿਲਮ ਸਾਂਹ ਡੈਬ ਵਿੱਚ ਸੰਨੀ ਦਿਓਲ ਦੇ ਨਾਲ ਅਭਿਨੇਤਾ ਕੀਤੀ ਜੋ ਕਿ ਬਾਕਸ ਆਫਿਸ[10] ਉੱਤੇ ਇੱਕ ਅਜੀਬ ਗੱਲ ਸੀ। ਉਹ ਯੋ ਜੋ ਹਨੀ ਸਿੰਘ ਦੇ ਅੰਤਰਰਾਸ਼ਟਰੀ ਵਿਡੀਓ ਐਲਬਮ ਲਵਡੋਸ ਵਿੱਚ ਪੇਸ਼ ਕੀਤੀ ਗਈ ਹੈ ਜੋ ਅਕਤੂਬਰ 2014 ਵਿੱਚ ਰਿਲੀਜ਼ ਹੋਈ ਸੀ. ਉਹ 2015 ਅਤੇ 2016 ਵਿੱਚ ਕ੍ਰਮਵਾਰ ਕ੍ਰਮਵਾਰ ਸ਼੍ਰੀ ਏਰਾਵਤਾ ਅਤੇ ਸਨਮ ਰੇ ਵਿੱਚ ਅਭਿਨੈ ਕੀਤੀ ਗਈ ਸੀ, ਜੋ ਬਾਕਸ ਆਫਿਸ ਉੱਤੇ ਸਫਲ ਰਹੀ। ਜੂਨ 2015 ਵਿੱਚ ਉਸ ਨੂੰ ਮਸਤਰੀ ਫਿਲਮ ਸੀਰੀਜ਼, ਗ੍ਰੇਟ Grand Masti (2016) ਦੀ ਤੀਜੀ ਕਿਸ਼ਤ ਵਿੱਚ ਲੀਡ ਅਦਾਕਾਰ ਦੇ ਤੌਰ ਤੇ ਹਸਤਾਖਰ ਕੀਤੇ ਗਏ ਸਨ, ਜਿਸ ਨੇ ਉਸ ਦੀ ਭੂਮਿਕਾ ਲਈ ਪ੍ਰਸ਼ੰਸਾ ਕੀਤੀ ਸੀ ਬਾਅਦ ਵਿੱਚ ਅਕਤੂਬਰ 2016 ਵਿਚ, ਉਸਨੇ ਕਾਬਿਲ (2017) ਵਿੱਚ ਆਪਣੀ ਦੂਜੀ ਆਈਟਮ ਨੰਬਰ ਤੇ ਹਸਤਾਖਰ ਕੀਤੇ ਅਤੇ ਰਿਤਿਕ ਰੋਸ਼ਨ ਨਾਲ ਅਭਿਨੈ ਕੀਤਾ। 15 ਸਾਲ ਦੀ ਉਮਰ ਵਿੱਚ, ਰੌਤੇਲਾ ਨੂੰ ਵਿਲਸ ਲਾਈਫਸਟਾਈਲ ਇੰਡੀਆ ਫੈਸ਼ਨ ਵੀਕ ਵਿਖੇ ਆਪਣਾ ਪਹਿਲਾ ਵੱਡਾ ਬ੍ਰੇਕ ਮਿਲਿਆ। ਉਸਨੇ ਮਿਸ ਟੀਨ ਇੰਡੀਆ 2009 ਦਾ ਖਿਤਾਬ ਵੀ ਜਿੱਤਿਆ। ਇੱਕ ਕਿਸ਼ੋਰ ਮਾਡਲ ਹੋਣ ਦੇ ਨਾਤੇ, ਉਹ ਲੱਕਮੇ ਫੈਸ਼ਨ ਵੀਕ ਲਈ ਸ਼ੋਅ ਜਾਫੀ ਸੀ ਅਤੇ ਉਸਨੇ ਐਮਾਜ਼ਾਨ ਫੈਸ਼ਨ ਵੀਕ, ਦੁਬਈ ਐੱਫਡਬਲਯੂ, ਬੰਬੇ ਐਫ ਡਬਲਯੂ ਆਦਿ ਵਿੱਚ ਰੈਂਪ ਵਾਕ ਕੀਤੀ। 2011 ਵਿਚ, 17 ਸਾਲ ਦੀ ਉਮਰ ਵਿਚ, ਰੌਤੇਲਾ ਨੇ ਭਾਰਤੀ ਰਾਜਕੁਮਾਰੀ 2011, ਮਿਸ ਟੂਰਿਜ਼ਮ ਵਰਲਡ, 2011 ਅਤੇ ਮਿਸ ਏਸ਼ੀਅਨ ਸੁਪਰ ਮਾਡਲ 2011 ਜਿੱਤੀ। ਉਸਨੇ ਮਿਸ ਟੂਰਿਜ਼ਮ ਕੁਈਨ Theë ਦਿ ਈਅਰ 2011 ਦਾ ਖਿਤਾਬ ਵੀ ਜਿੱਤਿਆ, ਜਿਸ ਵਿੱਚ ਚੀਨ ਵਿੱਚ 102 ਦੇਸ਼ਾਂ ਦੇ ਪ੍ਰਤੀਭਾਗੀਆਂ ਅਤੇ ਨਾਲ ਹਿੱਸਾ ਲਿਆ ਗਿਆ ਸੀ। ਤਗ਼ਮਾ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ। ਉਸ ਨੂੰ ਇਸ਼ਾਕਜ਼ਾਦੇ ਦੀ ਪੇਸ਼ਕਸ਼ ਵੀ ਕੀਤੀ ਗਈ ਸੀ ਪਰ ਉਸਨੇ ਇਸ ਨੂੰ ਠੁਕਰਾ ਦਿੱਤਾ ਕਿਉਂਕਿ ਉਹ ਮਿਸ ਯੂਨੀਵਰਸ ਪੇਜੈਂਟ ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੀ ਸੀ। 2012 ਵਿੱਚ, ਉਸਨੇ ਆਈ ਐਮ ਸ਼ੀ - ਮਿਸ ਯੂਨੀਵਰਸ ਇੰਡੀਆ ਦਾ ਪ੍ਰਸੰਸਾਯੋਗ ਤਾਜ ਅਤੇ ਮਿਸ ਫੋਟੋਜੈਨਿਕ ਲਈ ਵਿਸ਼ੇਸ਼ ਪੁਰਸਕਾਰ ਜਿੱਤਿਆ। ਹਾਲਾਂਕਿ, ਉਸਨੂੰ ਆਪਣਾ ਆਈ ਐਮ ਏ ਤਾਜ ਛੱਡਣਾ ਪਿਆ ਕਿਉਂਕਿ ਉਹ ਉਸ ਸਮੇਂ ਘੱਟ ਸੀ। 2015 ਵਿਚ, ਰੌਤੇਲਾ ਦੁਬਾਰਾ ਭਾਰਤੀ ਪੇਜੈਂਟਰੀ ਵਿੱਚ ਸ਼ਾਮਲ ਹੋਈ ਅਤੇ ਆਪਣਾ ਸਿਰਲੇਖ ਵਾਪਸ ਲਿਆ। ਇਹ ਉਸ ਨੂੰ ਇਤਿਹਾਸ ਦੀ ਪਹਿਲੀ ਅਤੇ ਇਕਲੌਤੀ ਔਰਤ ਬਣੀ ਜਿਸ ਨੇ ਦੋ ਵਾਰ ਮਿਸ ਯੂਨੀਵਰਸ ਇੰਡੀਆ ਦਾ ਤਾਜ ਜਿੱਤਿਆ। ਇਸ ਤੋਂ ਇਲਾਵਾ, ਉਸਨੇ ਯਾਮਾਹਾ ਫਾਸਸੀਨੋ ਮਿਸ ਦਿਵਾ-ਮਿਸ ਯੂਨੀਵਰਸ ਇੰਡੀਆ 2015 ਵਿੱਚ ਮਿਸ ਸੁੰਦਰ ਮੁਸਕਾਨ ਦਾ ਖਿਤਾਬ ਵੀ ਜਿੱਤਿਆ। ਉਸਨੇ ਮਿਸ ਯੂਨੀਵਰਸ 2015 ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ, ਪਰ ਜਗ੍ਹਾ ਨਹੀਂ ਮਿਲੀ। ਉਸਨੇ ਸੰਨੀ ਦਿਓਲ ਦੇ ਉਲਟ ਮਹਿਲਾ ਲੀਡ ਵਜੋਂ ਸ਼ੁਰੂਆਤ ਕੀਤੀ। ਉਸ ਨੂੰ ਇੰਡੀਆ ਟੂਡੇ ਅਤੇ ਬਾਲੀਵੁੱਡ ਹੰਗਾਮਾ ਵਰਗੇ ਕਈ ਪੋਰਟਲਾਂ ਤੋਂ ਪ੍ਰਸ਼ੰਸਾ ਮਿਲੀ। ਤਰਨ ਆਦਰਸ਼ ਨੇ ਕਿਹਾ ਕਿ ਉਰਵਸ਼ੀ ਰੌਤੇਲਾ ਫੋਟੋਜੈਨਿਕ ਲੱਗਦੀ ਹੈ ਅਤੇ ਹਾਲਾਂਕਿ ਉਹ ਪਹਿਲੀ ਵਾਰ ਹੈ, ਉਹ ਕਈ ਲੜੀਵਾਰਾਂ ਵਿੱਚ ਯਕੀਨਨ ਜਾਪਦੀ ਹੈ। ਜਿਸ ਵਿੱਚ ਇੰਡੀਆ ਡਾਟ ਕਾਮ ਨੇ ਕਿਹਾ, ਡੈਬਯੂਟੈਂਟ ਉਰਵਸ਼ੀ ਰੌਤੇਲਾ ਜੋ ਸੰਨੀ ਦਿਓਲ ਦੀ ਪਤਨੀ ਦਾ ਕਿਰਦਾਰ ਨਿਭਾਉਂਦੀ ਹੈ, ਆਪਣੀ ਮੌਜੂਦਗੀ ਨੂੰ ਇੱਕ ਸੰਖੇਪ ਭੂਮਿਕਾ ਵਿੱਚ ਮਹਿਸੂਸ ਕਰਨ ਦਾ ਪ੍ਰਬੰਧ ਕਰਦੀ ਹੈ, ਸੁੰਦਰ ਦਿਖ ਰਹੀ ਹੈ ਅਤੇ ਮਨਮੋਹਕ ਨੱਚ ਰਹੀ ਹੈ। ਸਿੰਘ ਸਾਬ ਦਿ ਗ੍ਰੇਟ ਤੋਂ ਬਾਅਦ, ਉਰਵਸ਼ੀ ਯੋ ਯੋ ਹਨੀ ਸਿੰਘ ਦੀ ਅੰਤਰਰਾਸ਼ਟਰੀ ਵੀਡੀਓ ਐਲਬਮ ਲਵ ਡੋਜ਼ ਵਿੱਚ ਦਿਖਾਈ ਦਿੱਤੀ, ਜੋ ਅਕਤੂਬਰ 2014 ਵਿੱਚ ਜਾਰੀ ਹੋਈ ਸੀ। ਜਲਦੀ ਹੀ ਬਾਅਦ ਵਿਚ, ਉਸਨੇ ਦੱਖਣੀ ਫਿਲਮ ਇੰਡਸਟਰੀ ਵਿੱਚ ਹਿੱਸਾ ਲਿਆ ਅਤੇ ਸ਼੍ਰੀ ਆਈਰਾਵਤਾ ਨਾਲ ਕੰਨੜ ਦੀ ਸ਼ੁਰੂਆਤ ਕੀਤੀ। ਹਾਲਾਂਕਿ ਫਿਲਮ ਨੂੰ ਆਲੋਚਕਾਂ ਤੋਂ ਨਕਾਰਾਤਮਕ ਸਮੀਖਿਆ ਮਿਲੀ, ਪਰ ਉਸਦੇ ਨਾਚ ਦੀ ਪ੍ਰਸ਼ੰਸਾ ਕੀਤੀ ਗਈ। ਟਾਈਮਜ਼ ਆਫ ਇੰਡੀਆ ਲਈ ਲਿਖ ਰਹੀ ਸੁਨਯਾਨਾ ਸੁਰੇਸ਼ ਨੇ ਨੋਟ ਕੀਤਾ, ਉਰਵਸ਼ੀ ਭਾਵੁਕ ਹੈ ਅਤੇ ਕੁਝ ਦ੍ਰਿਸ਼ਾਂ ਅਤੇ ਗੀਤਾਂ ਵਿੱਚ ਆਪਣੀ ਛਾਪ ਛੱਡਦੀ ਹੈ, ਖ਼ਾਸਕਰ ਉਸ ਦੇ ਨਾਚ ਨਾਲ। ਉਸ ਤੋਂ ਬਾਅਦ, ਰਾਉਟੇਲਾ ਦੋ ਫਿਲਮਾਂ ਸਨਮ ਰੇ ਅਤੇ ਗ੍ਰੇਟ ਗ੍ਰੈਂਡ ਮਸਤੀ ਦੇ ਨਾਲ ਨਾਲ ਦੋ ਸੰਗੀਤ ਵਿਡੀਓਜ਼, 2016 ਵਿੱਚ ਪ੍ਰਦਰਸ਼ਿਤ ਹੋਈ। ਪਹਿਲੀ ਲਾਲੀ ਦੁਪੱਟਾ ਮੀਕਾ ਸਿੰਘ ਅਤੇ ਅਨੁਪਮਾ ਰਾਗ ਨਾਲ ਸੀ ਅਤੇ ਦੂਜੀ ਗੈਲ ਬੈਨ ਗੇਈ ਵਿਦਯੁਤ ਜਾਮਵਾਲ ਦੇ ਨਾਲ ਸੀ। 2017 ਵਿੱਚ, ਰੌਤੇਲਾ ਨੇ ਕਾਬਿਲ ਵਿੱਚ ਇੱਕ ਵਿਸ਼ੇਸ਼ ਡਾਂਸ ਨੰਬਰ ਹਸੀਨੋ ਕਾ ਦੀਵਾਨਾ ਵਿੱਚ ਅਭਿਨੈ ਕੀਤਾ। ਉਸ ਨੂੰ ਉਸ ਆਦਮੀ ਦੁਆਰਾ ਉਸਦੀ ਅਦਾਕਾਰੀ ਦੀ ਪ੍ਰਸ਼ੰਸਾ ਕੀਤੀ ਗਈ ਜਿਸ ਨੇ ਅਸਲ ਵਿੱਚ ਇਸ ਕਲਾਸਿਕ ਗਾਣੇ - ਬਾਲੀਵੁੱਡ ਸਟਾਰ ਅਮਿਤਾਭ ਬੱਚਨ ਤੇ ਡਾਂਸ ਕੀਤਾ ਸੀ। ਇਸ ਤੋਂ ਇਲਾਵਾ, ਉਸਨੇ ਬੰਗਲਾਦੇਸ਼ ਦੀ ਫਿਲਮ ਪੋਰੋਬਾਸ਼ਿਨੀ ਵਿੱਚ ਇੱਕ ਵਿਸ਼ੇਸ਼ ਭੂਮਿਕਾ ਨਿਭਾਈ। 2018 ਵਿਚ, ਉਹ ਬਦਲਾ ਡਰਾਮਾ ਹੇਟ ਸਟੋਰੀ 4 ਵਿੱਚ ਦਿਖਾਈ ਦਿੱਤੀ। ਉਸ ਦੇ ਪ੍ਰਦਰਸ਼ਨ ਲਈ ਉਸਦੀ ਪ੍ਰਸ਼ੰਸਾ ਕੀਤੀ ਗਈ, ਜਿਵੇਂ ਕਿ; ਟਾਈਮਜ਼ ਆਫ ਇੰਡੀਆ ਦੇ ਰਚਿਤ ਗੁਪਤਾ ਨੇ ਕਿਹਾ, ਉਰਵਸ਼ੀ ਰੌਤੇਲਾ ਦੀ ਮੁੱਖ ਭੂਮਿਕਾ ਹੈ ਅਤੇ ਉਸ ਦੇ ਕਿਰਦਾਰ ਵਿੱਚ ਕਾਫ਼ੀ ਪੇਸ਼ਕਸ਼ ਹੈ। ਉਹ ਇੱਕ ਸਟ੍ਰਿਪ ਕਲੱਬ ਵਿੱਚ ਨੱਚਣ ਵਾਲੀ ਕੁੜੀ ਦੇ ਰੂਪ ਵਿੱਚ ਸ਼ੁਰੂਆਤ ਕਰਦੀ ਹੈ, ਪਰ ਜਿਵੇਂ ਹੀ ਇਹ ਕਹਾਣੀ ਸਾਹਮਣੇ ਆਉਂਦੀ ਹੈ, ਉਸਦਾ ਕਿਰਦਾਰ ਕਾਫ਼ੀ ਮਰੋੜ, ਬਦਲ ਜਾਂਦਾ ਹੈ। ਅਤੇ ਖੁਲਾਸਾ ਕਰਦਾ ਹੈ। ਉਸਦੀ ਮੇਜ਼ ਤੇ ਬਹੁਤ ਕੁਝ ਹੈ ਅਤੇ ਸੁੰਦਰ ਅਦਾਕਾਰਾ ਭਾਵਨਾਵਾਂ ਅਤੇ ਸ਼ੇਡਜ ਨੂੰ ਆਸਾਨੀ ਨਾਲ ਸੰਭਾਲਦੀ ਹੈ. ਫਰਵਰੀ 2019 ਵਿੱਚ, ਰੌਤੇਲਾ ਨੇ ਅਨੀਸ ਬਾਜ਼ਮੀ ਦੀ ਕਾਮੇਡੀ ਫਿਲਮ ਪਾਗਲਪੰਤੀ ਦੀ ਸ਼ੂਟਿੰਗ ਸ਼ੁਰੂ ਕੀਤੀ, ਜੋ 22 ਨਵੰਬਰ 2019 ਨੂੰ ਰਿਲੀਜ਼ ਹੋਣ ਵਾਲੀ ਹੈ।

# ਸ਼ਰਧਾ ਕਪੂਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਤੀਨ ਪੱਤੀ ਫਿਲਮ ਨਾਲ ਕੀਤੀ

ਸ਼ਰਧਾ ਕਪੂਰ ਇੱਕ ਭਾਰਤੀ (ਬਾਲੀਵੁੱਡ) ਅਦਾਕਾਰਾ ਅਤੇ ਗਾਇਕਾ ਹੈ। ਇਸਨੇ ਆਪਣੇ ਕਰੀਅਰ ਦੀ ਸ਼ੁਰੂਆਤ ਤੀਨ ਪੱਤੀ ਫਿਲਮ ਨਾਲ ਕੀਤੀ, ਜਿਸ ਲਈ ਇਸਨੂੰ ਸਰਵਸ਼੍ਰੇਸ਼ਠ ਨਵੀਂ ਅਦਾਕਾਰਾ ਦੇ ਪੁਰਸਕਾਰ ਲਈ ਨਾਮਜਦ ਕੀਤਾ ਗਿਆ ਸੀ। ਇਸ ਤੋਂ ਬਾਅਦ ਮੁੱਖ ਭੂਮਿਕਾ ਵਿੱਚ ਸ਼ਰਧਾ ਦੀ ਪਹਿਲੀ ਫਿਲਮ ਲਵ ਕਾ ਦੀ ਐਂਡ (2011) ਸੀ। ਸ਼ਰਧਾ ਕਪੂਰ ਦਾ ਜਨਮ 3 ਮਾਰਚ 1989 ਨੂੰ ਮੁੰਬਈ ਵਿੱਚ ਹੋਇਆ। ਇਸਦਾ ਪਿਤਾ ਸ਼ਕਤੀ ਕਪੂਰ ਪੰਜਾਬੀ ਮੂਲ ਦਾ ਹੈ ਅਤੇ ਇਸਦੀ ਮਾਂ ਸ਼ਿਵਾਨਗੀ ਕੋਲਹਪੂਰੇ ਕਪੂਰ ਮਰਾਠੀ ਮੂਲ ਦੀ ਹੈ। ਸ਼ਰਧਾ ਆਪਣੀ ਮਾਂ ਵਾਂਗ ਆਪਣੇ-ਆਪ ਨੂੰ ਵੀ ਮਰਾਠੀ ਹੀ ਮੰਨਦੀ ਹੈ। ਕਪੂਰ ਦੇ ਪਰਿਵਾਰਕ ਮੈਂਬਰਾਂ ਵਿੱਚ ਉਸ ਦੇ ਪਿਤਾ ਸ਼ਕਤੀ ਕਪੂਰ ਅਤੇ ਮਾਂ ਸ਼ਿਵਾਂਗੀ ਕਪੂਰ, ਉਸ ਦਾ ਵੱਡੇ ਭਰਾ ਸਿਧਾਂਤ ਕਪੂਰ, ਉਸ ਦੀ ਦੋ ਮਾਸੀਆਂ ਪਦਮਿਨੀ ਕੋਲਹਾਪੁਰੇ ਅਤੇ ਤੇਜਸਵਿਨੀ ਕੋਲਹਾਪੁਰੇ ਸ਼ਾਮਲ ਹਨ, ਸਾਰੇ ਭਾਰਤੀ ਸਿਨੇਮਾ ਵਿੱਚ ਅਦਾਕਾਰ ਹਨ। ਉਹ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਮੀਨਾ ਖਾਦੀਕਰ, ਆਸ਼ਾ ਮੰਗੇਸ਼ਕਰ ਅਤੇ ਹਿਰਦੇਨਾਥ ਮੰਗੇਸ਼ਕਰ ਦੀ ਪੜ-ਭਤੀਜੀ/ਭਾਣਜੀ ਹੈ। ਅਭਿਨੇਤਾਵਾਂ ਦੇ ਪਰਿਵਾਰ ਤੋਂ ਹੋਣ ਕਰਕੇ, ਕਪੂਰ ਛੋਟੀ ਉਮਰ ਤੋਂ ਹੀ ਅਭਿਨੇਤਰੀ ਬਣਨਾ ਚਾਹੁੰਦਾ ਸੀ। ਆਪਣੇ ਮਾਪਿਆਂ ਦੇ ਕੱਪੜੇ ਪਹਿਨ ਕੇ, ਉਹ ਫ਼ਿਲਮੀ ਸੰਵਾਦਾਂ ਦੀ ਰਿਹਰਸਲ ਕਰਦੀ ਸੀ ਅਤੇ ਸ਼ੀਸ਼ੇ ਦੇ ਸਾਹਮਣੇ ਬਾਲੀਵੁੱਡ ਗੀਤਾਂ ਤੇ ਨੱਚਦੀ ਸੀ। ਉਹ ਆਪਣੇ ਬਚਪਨ ਵਿੱਚ ਆਪਣੇ ਪਿਤਾ ਦੇ ਨਾਲ ਵੱਖ -ਵੱਖ ਸ਼ੂਟਿੰਗ ਸਥਾਨਾਂ ਤੇ ਵੀ ਗਈ। ਡੇਵਿਡ ਧਵਨ ਦੀ ਇੱਕ ਸ਼ੂਟਿੰਗ ਦੇ ਦੌਰਾਨ, ਕਪੂਰ ਨੇ ਅਭਿਨੇਤਾ ਵਰੁਣ ਧਵਨ ਨਾਲ ਉਸ ਦੇ ਨਾਲ ਖੇਡਣ ਲਈ ਦੋਸਤੀ ਕੀਤੀ, ਅਤੇ ਉਹ ਇੱਕ ਟਾਰਚ ਫੜ ਕੇ ਇੱਕ ਦੂਜੇ ਨੂੰ ਫ਼ਿਲਮੀ ਲਾਈਨਾਂ ਦਿੰਦੇ ਹੋਏ ਉਸ ਨੂੰ ਕੈਮਰਾ ਹੋਣ ਦਾ ਦਿਖਾਵਾ ਕਰ ਰਹੇ ਸਨ, ਅਤੇ ਉਹ ਗੋਵਿੰਦਾ ਦੇ ਫ਼ਿਲਮੀ ਗੀਤਾਂ ਤੇ ਵੀ ਨੱਚ ਰਹੇ ਸਨ।

ਕਪੂਰ ਨੇ ਆਪਣੀ ਸਕੂਲੀ ਪੜ੍ਹਾਈ ਜਮਨਾਬਾਈ ਨਰਸੀ ਸਕੂਲ ਤੋਂ ਕੀਤੀ ਅਤੇ 15 ਸਾਲ ਦੀ ਉਮਰ ਵਿੱਚ, ਉਹ ਅਮਰੀਕਨ ਸਕੂਲ ਆਫ਼ ਬਾਂਬੇ ਵਿੱਚ ਚਲੀ ਗਈ, ਜਿੱਥੇ ਉਹ ਅਭਿਨੇਤਰੀ ਆਥੀਆ ਸ਼ੈੱਟੀ ਅਤੇ ਅਭਿਨੇਤਾ ਟਾਈਗਰ ਸ਼ਰਾਫ ਦੇ ਨਾਲ ਸਕੂਲ ਦੀ ਸਾਥੀ ਸੀ। ਟਾਈਮਜ਼ ਆਫ਼ ਇੰਡੀਆ ਨਾਲ ਇੱਕ ਇੰਟਰਵਿਊ ਵਿੱਚ, ਸ਼ੈਟੀ ਨੇ ਖੁਲਾਸਾ ਕੀਤਾ ਕਿ ਉਹ ਸਾਰੇ ਡਾਂਸ ਮੁਕਾਬਲਿਆਂ ਵਿੱਚ ਹਿੱਸਾ ਲੈਂਦੀ ਸੀ।[7] 17 ਸਾਲ ਦੀ ਉਮਰ ਵਿੱਚ ਆਪਣੇ-ਆਪ ਨੂੰ ਪ੍ਰਤੀਯੋਗੀ ਮੰਨਦੇ ਹੋਏ, ਕਪੂਰ ਨੇ ਫੁਟਬਾਲ ਅਤੇ ਹੈਂਡਬਾਲ ਖੇਡੇ ਸਨ ਕਿਉਂਕਿ ਉਸ ਲਈ ਇਹ ਖੇਡਾਂ ਚੁਣੌਤੀਪੂਰਨ ਸਨ। ਜਦੋਂ 2016 ਵਿੱਚ ਦਿ ਹਿੰਦੁਸਤਾਨ ਟਾਈਮਜ਼ ਦੁਆਰਾ ਇੰਟਰਵਿਊ ਲਈ ਗਈ, ਤਾਂ ਕਪੂਰ ਅਤੇ ਸ਼ਰਾਫ ਦੋਵਾਂ ਨੇ ਮੰਨਿਆ ਕਿ ਸਕੂਲ ਵਿੱਚ ਉਨ੍ਹਾਂ ਦਾ ਇੱਕ-ਦੂਜੇ ਨਾਲ ਪਿਆਰ ਸੀ, ਪਰ ਉਨ੍ਹਾਂ ਨੇ ਕਦੇ ਵੀ ਇੱਕ ਦੂਜੇ ਨੂੰ ਪ੍ਰਸਤਾਵਿਤ ਨਹੀਂ ਕੀਤਾ ਕਪੂਰ ਨੇ ਫਿਰ ਬੋਸਟਨ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਵਿੱਚ ਮੇਜਰ ਵਜੋਂ ਦਾਖਲਾ ਲਿਆ ਪਰ ਉਸ ਨੇ ਆਪਣੇ ਨਵੇਂ ਸਾਲ ਵਿੱਚ ਆਪਣੀ ਪਹਿਲੀ ਫ਼ਿਲਮ ਵਿੱਚ ਨਜ਼ਰ ਆਉਣ ਲਈ ਛੱਡ ਦਿੱਤਾ ਜਦੋਂ ਉਸ ਨੂੰ ਫੇਸਬੁੱਕ ਤੇ ਨਿਰਮਾਤਾ ਅੰਬਿਕਾ ਹਿੰਦੂਜਾ ਨੇ ਵੇਖਿਆ, ਜਿਸ ਨੇ ਉਸ ਨੂੰ ਤਿੰਨ ਪੱਤੀ ਵਿੱਚ ਭੂਮਿਕਾ ਲਈ ਚੁਣਿਆ ਸੀ। ਫ਼ਿਲਮਫੇਅਰ ਮੈਗਜ਼ੀਨ ਦੇ ਨਾਲ ਇੱਕ ਇੰਟਰਵਿਊ ਵਿੱਚ, ਸ਼ਕਤੀ ਕਪੂਰ ਨੇ ਖੁਲਾਸਾ ਕੀਤਾ ਕਿ ਕਪੂਰ ਦੀ ਉਮਰ ਸਿਰਫ਼ 16 ਸਾਲ ਦੀ ਸੀ ਜਦੋਂ ਉਸ ਨੂੰ ਸਲਮਾਨ ਖਾਨ ਦੁਆਰਾ ਆਪਣੀ ਪਹਿਲੀ ਫ਼ਿਲਮ ਲੱਕੀ: ਨੋ ਟਾਈਮ ਫਾਰ ਲਵ ਦੀ ਪੇਸ਼ਕਸ਼ ਕੀਤੀ ਗਈ ਸੀ , ਜਦੋਂ ਉਸ ਨੇ ਆਪਣੇ ਸਕੂਲ ਦੇ ਇੱਕ ਨਾਟਕ ਪ੍ਰਦਰਸ਼ਨ ਨੂੰ ਵੇਖਿਆ , ਪਰ ਉਸ ਨੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਕਿਉਂਕਿ ਉਹ ਇੱਕ ਮਨੋਵਿਗਿਆਨੀ ਬਣਨ ਦੀ ਇੱਛਾ ਰੱਖਦੀ ਸੀ। ਕਪੂਰ ਨੂੰ ਬਚਪਨ ਤੋਂ ਹੀ ਉਸ ਦੇ ਨਾਨਾ ਅਤੇ ਮਾਂ ਵਲੋਂ ਕਲਾਸੀਕਲ ਗਾਇਕ ਵਜੋਂ ਸਿਖਲਾਈ ਦਿੱਤੀ ਗਈ ਸੀ। ਸ਼ਰਧਾ ਕਪੂਰ ਨੇ ਫ਼ਿਲਮੀ ਦੁਨੀਆ ਵਿੱਚ ਪ੍ਰਵੇਸ਼ ਫ਼ਿਲਮ ਤੀਨ ਪੱਤੀ ਨਾਲ ਕੀਤਾ ਜਿਸ ਵਿੱਚ ਅਮੀਤਾਭ ਬੱਚਨ, ਬੇਨ ਕਿੰਗਸਲੇ ਅਤੇ ਆਰ ਮਾਧਵਨ ਨੇ ਵੀ ਰੋਲ ਕੀਤਾ। ਇਸ ਫ਼ਿਲਮ ਵਿੱਚ ਸ਼ਰਧਾ ਨੇ ਅਪਰਣਾ ਖੰਨਾ ਨਾਮ ਵਜੋਂ ਇੱਕ ਕਾਲਜ ਦੀ ਵਿਦਿਆਰਥਣ ਦਾ ਰੋਲ ਅਦਾ ਕੀਤਾ। ਇਸ ਰੋਲ ਵਜੋਂ ਉਸਨੂੰ ਫਿਲਮਫੇਅਰ ਸਰਵਸ਼੍ਰੇਸ਼ਠ ਮਹਿਲਾ ਅਭੀਨੇਤ੍ਰੀ ਦੇ ਪੁਰਸਕਾਰ ਲਈ ਵੀ ਨਾਮਜ਼ਦ ਕੀਤਾ ਗਿਆ ਸੀ ਪਰ ਇਹ ਫ਼ਿਲਮ ਬਾਕਸ ਆਫਿਸ ਤੇ ਅਸਫਲ ਰਹੀ। ਇਸ ਤੋਂ ਬਾਅਦ ਉਸਨੇ ਯਸ਼ ਰਾਜ ਫਿਲਮਸ ਦੇ ਨਾਲ ਤਿੰਨ ਫਿਲਮਾਂ ਕਰਨ ਦਾ ਸੌਦਾ ਕੀਤਾ ਅਤੇ ਟੀਨ ਕਾਮੇਡੀ - ਲਵ ਕਾ ਦੀ ਐਂਡ ਫਿਲਮ ਵਿੱਚ ਨਜ਼ਰ ਆਈ। ਇਸ ਵਿੱਚ ਸ਼ਰਧਾ ਨੇ ਇੱਕ ਕਿਸ਼ੋਰ ਕਾਲਜ ਵਿਦਿਆਰਥਣ ਦਾ ਰੋਲ ਕੀਤਾ ਜੋ ਕਿ ਆਪਣੇ ਪ੍ਰੇਮੀ ਦੇ ਧੋਖਾ ਦੇਣ ਤੋਂ ਬਾਅਦ ਉਸ ਖਿਲਾਫ਼ ਸਾਜ਼ਿਸ਼ ਰਚਦੀ ਹੈ। ਪਰ ਉਸਦੀ ਇਹ ਫਿਲਮ ਵੀ ਬਾਕਸ ਆਫ਼ਿਸ ਤੇ ਨਹੀਂ ਚੱਲੀ। ਇਸ ਫ਼ਿਲਮ ਦੀ ਭਾਵੇਂ ਰਲਵੀਂ ਆਲੋਚਨਾ ਹੋਈ ਪਰ ਸ਼ਰਧਾ ਕਪੂਰ ਨੂੰ ਜ਼ਰੂਰ ਸਕਾਰਾਤਮਕ ਆਲੋਚਨਾ ਪ੍ਰਾਪਤ ਹੋਈ। ਆਪਣੇ ਕਾਰਜ ਲਈ ਸ਼ਰਧਾ ਨੂੰ ਸਰਵਸ਼੍ਰੇਸ਼ਠ ਅਭਿਨੇਤਰੀ ਦਾ ਪੁਰਸਕਾਰ ਵੀ ਪ੍ਰਾਪਤ ਹੋਇਆ। ਇਸ ਤੋਂ ਬਾਅਦ ਯਸ਼ ਰਾਜ ਨੇ ਫ਼ਿਲਮ ਔਰੰਗਜ਼ੇਬ ਵਿੱਚ ਮਪੱਖ ਭੂਮਿਕਾ ਦੇਣ ਬਾਰੇ ਪੇਸ਼ਕਸ਼ ਰੱਖੀ। ਪਰ ਸ਼ਰਧਾ ਨੇ ਮਹੇਸ਼ ਭੱਟ ਦੀ ਫ਼ਿਲਮ ਆਸ਼ਿਕੀ ੨ ਕਰਨ ਨੈ ਫੈਸਲਾ ਲਿਆ। ਇਸਦੇ ਨਾਲ ਹੀ ਉਸਦਾ ਯਸ਼ ਰਾਜ ਫਿਲਮਸ ਨਾਲ ਤਿੰਨ ਫ਼ਿਲਮਾਂ ਕਰਨ ਦੈ ਕਾਂਟ੍ਰੈਕਟ ਰੱਦ ਹੋ ਗਿਆ। 2013 ਵਿੱਚ ਰੋਮਾਂਟਿਕ ਗੀਤਾਂ ਨਾਲ ਭਰਪੂਰ ਆਈ ਆਸ਼ਿਕੀ ੨, 1991 ਦੀ ਕਲਾਸਿਕ ਆਸ਼ਿਕੀ ਦੀ ਅਗਲੀ ਕੜੀ ਸੀ ਜਿਸ ਵਿੱਚ ਸ਼ਰਧਾ ਕਪੂਰ ਸ਼ਾਮਿਲ ਸੀ। ਇਸ ਫ਼ਿਲਮ ਵਿੱਚ ਉਹ ਆਰੋਹੀ ਕੇਸ਼ਵ ਸ਼ਿਰਕੇ ਦੀ ਭੂਮਿਕਾ ਨਿਭਾਉਂਦੀ ਹੈ ਜੋ ਕਿ ਛੋਟੇ ਸ਼ਹਿਰ ਵਿੱਚ ਇੱਕ ਬਾਰ ਗਾਇਕਾ ਹੈ। ਪਰ ਇੱਕ ਮਸ਼ਹੂਰ ਗਾਇਕ ਰਾਹੁਲ ਜਯਕਰ ਦੀ ਮਦਦ ਨਾਲ ਇੱਕ ਵੱਡੀ ਸਫ਼ਲ ਗਾਇਕਾ ਬਣਦੀ ਹੈ। ਸ਼ਰਧਾ ਦੀ ਇਸ ਫ਼ਿਲਮ ਨੇ ਬਾਕਸ ਆਫ਼ਿਸ ਸੇ ਭਰਪੂਰ ਸਫ਼ਲਤ$ ਹਾਸਿਲ ਕੀਤੀ ਅਤੇ 100 ਕਰੋੜ ਤੋਂ ਵੱਧ ਕਮਾਈ ਕੀਤੀ। ਇਸਨੂੰ ਬਾਕਸ ਆਫ਼ਿਸ ਦੁਆਰਾ ਬਲਾਕਬਸਟਰ ਵੀ ਘੋਸ਼ਿਤ ਕੀਤਾ ਗਿਆ। ਇਸਂ ਸਾਲ ਹੀ ਸ਼ਰਧਾ ਇੱਕ ਹੋਰ ਫ਼ਿਲਮ ਗੌਰੀ ਤੇਰੇ ਪਿਆਰ ਮੇਂ ਵਿੱਚ ਨਜ਼ਰ ਆਉਂਦੀ ਹੈ। ਇਸ ਫ਼ਿਲਮ ਵਿੱਚ ਉਹ ਇਮਰਾਨ ਖਾਨ ਦੀ ਮੰਗੇਤਰ ਦੀ ਭੂਮਿਕੈ ਨਿਭਾਉਂਦੀ ਹੈ। ਮਗਰੋਂ 2013 ਵਿੱਚ FHM India ਦੁਆਰਾ ਕਰਾਏ ਗਏ ਇੱਕ ਸਰਵੇਖਣ ਦੁਨੀਆ 2013 ਵਿੱਚ 200 ਸੈਕਸੀ ਮਹਿਲਾਵਾਂ ਵਿਚੋਂ ਸ਼ਰਧਾ ਕਪੂਰ #5ਵੀਂ ਥਾਂ ਤੇ ਰਹੀ। ਇਸ ਤੋਂ ਬਾਅਦ 2014 ਵਿੱਚ ਸ਼ਰਧਾ ਮੋਹਿਤ ਸੂਰੀ ਦੀ ਫ਼ਿਲਮ ek villain ਵਿੱਚ ਨਜ਼ਰ ਆਈ, ਜਿਸ ਵਿੱਚ ਉਸਨੇ ਗਲ਼ੀਆਂ ਨਾਮ ਦਾ ਗੀਤ ਵੀ ਗਾਇਆ। ਇਸ ਫ਼ਿਲਮ ਇੱਕ ਅਪਰਾਧੀ(ਸਿਧਾਰਥ ਮਲਹੋਤਰਾ) ਦੇ ਦੁਆਲੇ ਚੱਲਦੀ ਹੈ, ਜਿਸਦੀ ਬਿਮਾਰ ਪਤਨੀ(ਸ਼ਰਧਾ ਕਪੂਰ) ਕਿਸੇ ਦੁਆਰਾ ਬੇਰਹਮੀ ਨਾਲ ਮਾਰ ਦਿੱਤੀ ਜਾਂਦੀ ਹੈ। ਇਸ ਫ਼ਿਲਮ ਨੂੰ ਆਮ ਤੌਰ ਤੇ ਕੋਰੀਅਨ ਫ਼ਿਲਮ ਆਈ ਸਾਅ ਦੀ ਡੇਵਿਲ ਤੋਂ ਚੋਰੀ ਕੀਤਾ ਸਮਝਿਆ ਜਾਂਦਾ ਹੈ, ਪਰ ਸੂਰੀ ਇਸ ਫ਼ਿਲਮ ਦੇ ਮੌਲਿਕ ਹੋਣ ਦਾ ਦਾਅਵਾ ਕਰਦਾ ਹੈ। ਸ਼ਰਧਾ ਦੀ ਇਹ ਫਿਲਮ ਵੀ ਸਫ਼ਲ ਰਹੀ। ਇਸੇ ਸਾਲ ਹੀ ਉਸਨੇ ਵਿਸ਼ਾਲ ਭਰਦਵਾਜ ਨਾਲ ਹੈਦਰ ਫ਼ਿਲਮ ਕੀਤੀ। ਜੋ ਕਿ 1995 ਦੇ ਕਸ਼ਮੀਰੀ ਟਕਰਾਅ ਦੀ ਕਹਾਣੀ ਬਿਆਨ ਕਰਦੀ ਹੈ। ਇਹ ਕਹਾਣੀਵਿਵੀਅਮ ਸ਼ੇਕਸਪੀਅਰ ਦੇ ਹੈਮਲਟ ਦੇ ਅਨੁਕੂਲ ਵਿਚਰਦੀ ਹੈ। ਸ਼ਰਧਾ ਇਸ ਫ਼ਿਲਮ ਵਿੱਚ ਇੱਕ ਪੱਤਰਕਾਰ ਅਰਸ਼ੀਆ ਦੇ ਤੌਰ ਤੇ ਓਫ਼ੇਲੀਆ ਦਾ ਕਿਰਦਾਰ ਨਿਭਾਉਂਦੀ ਹੈ, ਉਸਦੇ ਨਾਲ ਹੀ ਇਸ ਫ਼ਲਮ ਵਿੱਚ ਸ਼ਾਹਿਦ ਕਪੂਰ ਅਤੇ ਤੱਬੂ ਵੀ ਮੁੱਖ ਭੂਮਿਕਾ ਅਦਾ ਕਰਦੇ ਹਨ। ਇਸੇ ਸਾਲ ਹੀ ਸ਼ਰਧਾ ਕਰਣ ਜੌਹਰ ਨਿਰਮਿਤ ਫ਼ਿਲਮ ਉਂਗਲੀ ਵਿੱਚ ਆਈਟਮ ਗਾਣਾ ਕਰਦੀ ਹੈ। ਅਗਲੇ ਸਾਲ 2015 ਵਿੱਚ ਸ਼ਰਧਾ 1234 ਫ਼ਿਲਮ ਦੇ ਅਗਲੇ ਭਾਗ 1234-2 ਵਿੱਚ ਨਜ਼ਰ ਆਉਂਦੀ ਹੈ। ਉਹ ਹਿਪ-ਹਾਪ ਡਾਂਸਰ ਦਾ ਰੋਲ ਨਿਭਾਉਂਦੀ ਹੈ ਜੋ ਕਿ ਆਪਣੇ ਬਚਪਨ ਦੇ ਦੋਸਤ ਸੁਰੇਸ਼ ਮੁਕੁੰਦ(ਵਰੁਨ ਧਵਨ ਦਵਾਰਾ ਖੇਡਿਆ ਗਿਆ) ਨਾਲ ਵਿਸ਼ਵ ਸਤਰੀ ਹਿਪ ਹੋਪ ਖੇਡ ਵਿੱਚ ਹਿੱਸਾ ਲੈਂਦੀ ਹੈ। ਇਸ ਫ਼ਿਲਮ ਵਿੱਚ ਆਪਣੀ ਡਾਂਸਰ ਦੀ ਭੂਮਿਕਾ ਨਿਭਾਉਣ ਲਈ ਸ਼ਰਧਾ ਨੇ ਕੋਰਿਆਗਰਾਫ਼ਰ ਪ੍ਰਭੁਦੇਵਾ ਅਤੇ ਰੈਮੋ ਡਿਸੂਜ਼ਾ ਤੋਂ ਨਾਚ ਦੇ ਕਈ ਰੂਪ ਸਿੱਖੇ। ਵਾਲਟ ਡਿਜ਼ਨੀ ਪਿਕਚਰ ਦੁਆਰਾ ਨਿਰਮਿਤ ਇਸ ਫ਼ਿਲਮ ਨੇ ਪੂਰੀ ਦੁਨਿਆ ਵਿੱਚ 1.57 ਬਿਲੀਅਨ ਰੁਪਏ ਕੱਠੇ ਕੀਤੇ।



# ਸਾਰਾ ਅਲੀ ਖਾਨ ਨੇ ਇੱਕ ਪਰੇਸ਼ਾਨ ਅਤੀਤ ਵਾਲੀ ਇੱਕ ਨੌਜਵਾਨ ਔਰਤ ਦੇ ਰੂਪ ਵਿੱਚ ਅਭਿਨੈ ਕੀਤਾ

ਸਾਰਾ ਅਲੀ ਖਾਨ (ਜਨਮ 12 ਅਗਸਤ 1995) ਇੱਕ ਭਾਰਤੀ ਅਦਾਕਾਰਾ ਹੈ ਜੋ ਕਿ ਹਿੰਦੀ ਫਿਮਲਾਂ ਵਿੱਚ ਕੰਮ ਕਰਦੀ ਹੈ। ਉਹ ਪਟੌਦੀ ਪਰਿਵਾਰ ਦੀ ਮੈਂਬਰ ਅਤੇ ਸੈਫ਼ ਅਲੀ ਖ਼ਾਨ ਅਤੇ ਅਮ੍ਰਿਤਾ ਸਿੰਘ ਦੀ ਪੁੱਤਰੀ ਹੈ। ਉਹ ਮਨਸੂਰ ਅਲੀ ਖਾਨ ਅਤੇ ਸ਼ਰਮੀਲਾ ਟੈਗੋਰ ਦੀ ਪੋਤੀ ਹੈ। ਕੋਲੰਬੀਆ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਸਾਰਾ ਨੇ ਕੇਦਾਰਨਾਥ (2018) ਨਾਲ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ, ਇਸ ਫਿਲਮ ਵਿੱਚ ਉਹ ਸੁਸ਼ਾਂਤ ਸਿੰਘ ਰਾਜਪੂਤ ਨਾਲ ਮੁੱਖ ਭੂਮਿਕਾ ਵਿੱਚ ਨਜ਼ਰ ਆਈ। ਸਾਰਾ ਅਲੀ ਖਾਨ ਦਾ ਜਨਮ 12 ਅਗਸਤ 1995 ਨੂੰ ਸੈਫ਼ ਅਲੀ ਖ਼ਾਨ ਅਤੇ ਅਮ੍ਰਿਤਾ ਸਿੰਘ ਦੇ ਘਰ ਹੋਇਆ ਸੀ, ਦੋਨੋਂ ਹਿੰਦੀ ਫਿਲਮ ਉਦਯੋਗ ਦੇ ਕਲਾਕਾਰ ਹਨ। ਉਹ ਪਟੌਦੀ ਪਰਿਵਾਰ ਦੀ ਮੈਂਬਰ ਹੈ।ਉਸਦੇ ਭਰਾ ਇਬਰਾਹਿਮ ਅਲੀ ਖਾਨ, ਨੇ ਟਸ਼ਨ (2008) ਵਿੱਚ ਬਾਲ ਭੂਮਿਕਾ ਨਿਭਾਈ ਸੀ। ਉਸਦਾ ਸੌਤੇਲਾ ਭਰਾ ਤੈਮੂਰ ਅਲੀ ਖਾਨ, ਸੈਫ ਦੀ ਦੂਜੇ ਦੂਜੇ ਵਿਆਹ ਤੋਂ ਕਰੀਨਾ ਕਪੂਰ ਦਾ ਪੁੱਤਰ ਹੈ। ਉਹ ਮੁੱਖ ਤੌਰ ਤੇ ਪਿਤਾ ਦੇ ਪੱਖ ਤੋਂ ਬੰਗਾਲੀ ਅਤੇ ਪਠਾਣ ਅਤੇ ਆਪਣੀ ਮਾਂ ਦੇ ਪਾਸੇ ਤੇ ਪੰਜਾਬੀ ਮੂਲ ਦੀ ਹੈ। ਜਦ ਖਾਨ ਚਾਰ ਸਾਲ ਦੀ ਸੀ ਤਾਂ ਉਸ ਨੇ ਪਹਿਲੀ ਵਾਰ ਇੱਕ ਇਸ਼ਤਿਹਾਰ ਵਿੱਚ ਅਭਿਨੈ ਕੀਤਾ।ਸੈਫ ਅਨੁਸਾਰ, ਅਦਾਕਾਰਾ ਐਸ਼ਵਰਿਆ ਰਾਏ ਫ਼ਿਲਮ ਜਗਤ ਵਿੱਚ ਕੈਰੀਅਰ ਬਣਾਉਣ ਲਈ ਉਸ ਦੀ ਪ੍ਰੇਰਨਾ ਸਾਬਤ ਹੋਈ। 2004 ਵਿੱਚ, ਜਦ ਖਾਨ ਨੌਂ ਸਾਲ ਦੀ ਸੀ ਤਾਂ, ਉਸ ਦੇ ਮਾਤਾ-ਪਿਤਾ ਦਾ ਤਲਾਕ ਹੋ ਗਿਆ ਅਤੇ ਸਿੰਘ ਨੂੰ ਉਸ ਦੇ ਬੱਚੇ ਦੀ ਕਾਨੂੰਨੀ ਗਾਰਡੀਅਨਸ਼ਿਪ ਦੇ ਦਿੱਤੀ ਗਈ ਸੀ। ਸੈਫ ਨੂੰ ਸ਼ੁਰੂ ਵਿੱਚ ਉਸ ਨੂੰ ਅਤੇ ਉਸ ਦੇ ਭਰਾ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ[12] ਉਨ੍ਹਾਂ ਨੇ ਬਾਅਦ ਵਿੱਚ ਸੁਲ੍ਹਾ ਕੀਤੀ ਹੈ ਅਤੇ, ਸੈਫ਼ ਦੇ ਮੁਤਾਬਕ,ਉਹ ਪਿਤਾ ਅਤੇ ਧੀ ਘੱਟ ਅਤੇ ਦੋਸਤ ਜ਼ਿਆਦਾ ਹਨ ਕਿਸ਼ੋਰ ਉਮਰ ਵਿੱਚ ਹੋਣ ਤੇ, ਖਾਨ ਆਪਣੇ ਭਾਰ ਨਾਲ ਬਹੁਤ ਸੰਘਰਸ਼ ਕਰਿਆ ਕਰਦੀ ਸੀ ਅਤੇ ਫਿੱਟ ਹੋਣ ਲਈ ਇੱਕ ਸਖ਼ਤ ਸਮਾਂ-ਸੀਮਾ ਤਹਿਤ ਰੋਜ਼ਾਨਾ ਕਸਰਤ ਕਰਦੀ ਸੀ। ਉਹ ਪੌਲੀਸੀਸਟਿਕ ਓਵਰੀ ਸਿੰਡਰੋਮ ਸੀ ਸ਼ਿਕਾਰ ਵੀ ਸੀ ਜਿਸਨੂੰ ਉਹ ਆਪਣੇ ਭਾਰ ਵਧਣ ਦਾ ਕਾਰਨ ਦੱਸਦੀ ਹੈ। ਨਿਊਯਾਰਕ ਵਿੱਚ ਕੋਲੰਬੀਆ ਯੂਨੀਵਰਸਿਟੀ ਵਿੱਚ ਕਾਨੂੰਨ ਅਤੇ ਰਾਜਨੀਤੀ ਵਿਗਿਆਨ ਵਿੱਚ ਚਾਰ ਸਾਲ ਦਾ ਕੋਰਸ ਕਰਦੇ ਸਮੇਂ ਖਾਨ ਦਾ ਵਜ਼ਨ ਵਧ ਗਿਆ ਸੀ। 2016 ਵਿੱਚ, ਉਸਨੇ ਤਿੰਨ ਸਾਲਾਂ ਦੇ ਅੰਦਰ,



ਆਪਣੇ ਗ੍ਰੈਜੂਏਸ਼ਨ ਪੂਰੀ ਕੀਤੀ, ਅਤੇ ਭਾਰ ਦੀ ਸਿਖਲਾਈ ਲਈ ਤੋਂ ਬਾਅਦ ਉਹ ਭਾਰਤ ਪਰਤ ਆਈ। ਖਾਨ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ ਕੇਦਾਰਨਾਥ (2018) ਨਾਲ ਕੀਤੀ। ਜਿਸ ਵਿੱਚ ਉਸਨੇ ਹਿੰਦੂ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਮੁਸਲਿਮ ਮੁੰਡੇ ਨਾਲ ਪਿਆਰ ਵਿੱਚ ਪੈ ਜਾਂਦੀ ਹੈ। ਉਸਦੀ ਭੂਮਿਕਾ ਦੀ ਤਿਆਰੀ ਲਈ, ਖਾਨ ਨੇ ਰਾਜਪੂਤ ਦੀ ਮਦਦ ਨਾਲ ਹਿੰਦੀ ਸ਼ਬਦਾਵਲੀ ਦਾ ਗਿਆਨ ਬਿਹਤਰ ਕੀਤਾ। ਖਾਨ ਦੀ ਅਗਲੀ ਫਿਲਮ ਰੋਹਿਤ ਸ਼ੈੱਟੀ ਵੱਲੋਂ ਨਿਰਦੇਸ਼ਿਤ ਸਿੰਭਾ (2018) ਹੈ, ਜਿਸ ਵਿੱਚ ਉਹ ਰਣਵੀਰ ਸਿੰਘ ਨਾਲ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗੀ। ਇਹ ਫਿਲਮ ਤੇਲਗੂ ਭਾਸ਼ਾ ਦੀ ਫਿਲਮ ਟੈਂਪਰ (2015) ਤੋਂ ਪ੍ਰੇਰਿਤ ਹੈ। ਉਸਨੇ ਇਸ ਤੇ ਕੰਮ ਸ਼ੁਰੂ ਕੀਤਾ ਜਦੋਂ ਕੇਦਾਰਨਾਥ ਦੀ ਸ਼ੂਟਿੰਗ ਨੂੰ ਅਸਥਾਈ ਤੌਰ ਤੇ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਕਾਰਨ ਅਭਿਸ਼ੇਕ ਕਪੂਰ ਨੇ ਖਾਨ ਤੇ ਮੁਕੱਦਮਾ ਚਲਾਇਆ; ਉਹ ਬਾਅਦ ਵਿੱਚ ਅਦਾਲਤ ਤੋਂ ਬਾਹਰ ਸੈਟਲ ਹੋ ਗਏ ਜਦੋਂ ਉਹ ਦੋਵਾਂ ਫਿਲਮਾਂ ਵਿੱਚ ਆਪਣਾ ਸਮਾਂ ਵੰਡਣ ਲਈ ਸਹਿਮਤ ਹੋ ਗਈ। 'ਦ ਟਾਈਮਜ਼ ਆਫ ਇੰਡੀਆ' ਲਈ ਫਿਲਮ ਦੀ ਸਮੀਖਿਆ ਕਰਦੇ ਹੋਏ, ਰੌਨਕ ਕੋਟੇਚਾ ਨੇ ਰਾਏ ਦਿੱਤੀ ਕਿ ਖਾਨ ਕੋਲ ਦਿਖਾਉਣ ਵਾਲੇ ਸੁੰਦਰ ਦਿਖਣ ਤੋਂ ਇਲਾਵਾ ਹੋਰ ਕਰਨ ਲਈ ਕੁਝ ਨਹੀਂ ਸੀ ਅਤੇ ਉਹ ਉਸਦੇ ਅਤੇ ਸਿੰਘ ਵਿਚਕਾਰ ਕੈਮਿਸਟਰੀ ਨੂੰ ਨਾਪਸੰਦ ਕਰਦੇ ਸਨ। ਬਿਲੀਅਨ ਦੀ ਵਿਸ਼ਵਵਿਆਪੀ ਕਮਾਈ ਦੇ ਨਾਲ, ਸਿੰਬਾ 2018 ਦੀ ਤੀਜੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਹਿੰਦੀ ਫਿਲਮ ਵਜੋਂ ਉਭਰੀ। ਇਮਤਿਆਜ਼ ਅਲੀ ਦੇ ਰੋਮਾਂਟਿਕ ਡਰਾਮੇ 'ਲਵ ਆਜ ਕਲ' (2020) ਵਿੱਚ, ਅਲੀ ਦੀ 2009 ਵਿੱਚ ਉਸੇ ਨਾਮ ਦੀ ਫਿਲਮ ਦਾ ਅਧਿਆਤਮਿਕ ਉੱਤਰਾਧਿਕਾਰੀ, ਖਾਨ ਨੇ ਕਾਰਤਿਕ ਆਰੀਅਨ ਦੇ ਨਾਲ, ਇੱਕ ਪਰੇਸ਼ਾਨ ਅਤੀਤ ਵਾਲੀ ਇੱਕ ਨੌਜਵਾਨ ਔਰਤ ਦੇ ਰੂਪ ਵਿੱਚ ਅਭਿਨੈ ਕੀਤਾ। ਫਿਲਮ ਦੀ ਇੱਕ ਨਕਾਰਾਤਮਕ ਸਮੀਖਿਆ ਵਿੱਚ ਨੰਦਿਨੀ ਰਾਮਨਾਥ ਨੇ ਦੁੱਖ ਪ੍ਰਗਟਾਇਆ ਕਿ ਖਾਨ ਕੋਲ ਇੱਕ ਗੁੰਝਲਦਾਰ ਕਿਰਦਾਰ ਨਿਭਾਉਣ ਲਈ ਸਿਰਫ ਤਜਰਬਾ ਜਾਂ ਮੁਹਾਰਤ ਨਹੀਂ ਹੈ, ਅਤੇ ਕਿਹਾ ਕਿ ਉਸਦੇ ਜਵਾਨ ਚਿਹਰੇ ਵਿੱਚ ਕੈਮਰਾ ਲਗਾਉਣਾ ਉਸ ਦੀਆਂ ਕਮੀਆਂ ਨੂੰ ਵਧਾ ਦਿੰਦਾ ਹੈ। ਇਹ ਬਾਕਸ ਆਫਿਸ ਬੰਬ ਬਣ ਕੇ ਉਭਰਿਆ। ਖਾਨ ਨੇ ਕਾਮੇਡੀ ਫਿਲਮ ਕੁਲੀ ਨੰਬਰ 1 ਵਿੱਚ ਵਰੁਣ ਧਵਨ ਦੇ ਨਾਲ ਅਭਿਨੈ ਕੀਤਾ, ਜੋ ਡੇਵਿਡ ਧਵਨ ਦੀ 1995 ਵਿੱਚ ਇਸੇ ਨਾਮ ਦੀ ਫ਼ਿਲਮ ਦਾ ਰੂਪਾਂਤਰ ਹੈ। 2021 ਵਿੱਚ, ਉਹ ਆਨੰਦ ਐਲ. ਰਾਏ ਦੀ ਫ਼ਿਲਮ 'ਅਤਰੰਗੀ ਰੇ' ਵਿੱਚ, ਅਕਸ਼ੇ ਕੁਮਾਰ ਅਤੇ ਧਨੁਸ਼ ਦੇ ਨਾਲ ਸਹਿ-ਅਭਿਨੈ, ਵਿੱਚ ਦਿਖਾਈ ਦਿੱਤੀ ਹੈ , ਜਿਸਦਾ ਪ੍ਰੀਮੀਅਰ 24 ਦਸੰਬਰ ਨੂੰ ਡਿਜ਼ਨੀ+ ਹੌਟਸਟਾਰ ਉੱਤੇ ਹੋਇਆ ਸੀ। ਖਾਨ ਮਿਥਿਹਾਸਿਕ ਆਧਾਰਿਤ ਸੁਪਰਹੀਰੋ ਫਿਲਮ ਦਿ ਅਮਰ ਅਸ਼ਵਥਾਮਾ ਚ ਵਿੱਕੀ ਕੌਸ਼ਲ ਦੇ ਨਾਲ ਅਭਿਨੈ ਕਰਨ ਲਈ ਤਿਆਰ ਹੈ, ਜਿਸ ਦਾ ਨਿਰਦੇਸ਼ਨ ਉੜੀ: ਦਿ ਸਰਜੀਕਲ ਸਟ੍ਰਾਈਕ ਫੇਮ ਆਦਿਤਿਆ ਧਰ ਨੇ ਕੀਤਾ ਹੈ। ਇਹ ਰੋਨੀ ਸਕ੍ਰੂਵਾਲਾ ਦੁਆਰਾ ਸਮਰਥਿਤ ਇੱਕ ਯੋਜਨਾਬੱਧ ਤਿਕੜੀ ਹੈ।

Printed & Published by Amritpal Singh Printed at I.G. Printers, Pvt Ltd 104, DSIDC, Complex Okhla Industrial Area Phase-I New Delhi-110020 Keepr Jagpal Singh Published at office Daily Educator, 104 DSIDC, Okhla Industrial Area Phase-I, New Delhi .Owner : Jagjit Singh Dardi, Editor Harpreet Singh, PRGI (RNI) Regd. N0.42998/1985

ਅੰਮ੍ਰਿਤਪਾਲ ਸਿੰਘ ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਐਜੂਕੇਟਰ, ਆਈ.ਜੀ. ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ. ਡੀ. ਸੀ. ਕੰਪਲੈਕਸ, ਓਖਲਾ ਇੰਡਸਟਰੀਅਲ ਏਰੀਆ ਫੇਜ਼-1 ਨਵੀਂ ਦਿੱਲੀ-110020 ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਐਜੂਕੇਟਰ 104, ਡੀ.ਐਸ.ਆਈ.ਡੀ.ਸੀ. ਓਖਲਾ ਇੰਡਸਟਰੀਅਲ ਏਰੀਆ, ਫੇਜ਼-1 ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। (ਮਾਲਕ ਜਗਜੀਤ ਸਿੰਘ ਦਰਦੀ), ਐਡੀਟਰ ਹਰਪ੍ਰੀਤ ਸਿੰਘ, PRGI (RNI) Regd. N0.42998/1985